# ਅੰਮ੍ਰਿਤ ਕੀਰਤਨ

ਅੰਕ 1 ਸਾਲ ਤੀਜਾ ਜਨਵਰੀ 1991

ਗੁਰਦੁਆਰਾ ਸ਼ਹੀਦਾਂ ਲੁਧਿਆਣਾ ਵਿਖੇ ਜੂਨ 1975 ਨੂੰ ਮਾਸਟਰ ਨਿਹਾਲ ਸਿੰਘ ਰਾਹੀਂ ਲਗਾਈ ਜਾ ਰਹੀ ਇਕ ਕੀਰਤਨ ਕਲਾਸ ।



(ਅਸੀਂ ਮਾਸਟਰ ਨਿਹਾਲ ਸਿੰਘ ਜੀ ਦੀਆਂ ਸ਼ਬਦ ਕੀਰਤਨ ਦੀਆਂ ਰੀਤਾਂ ਦੀ ਸੰਗੀਤ ਲਿਪੀ ਅੰਮ੍ਰਿਤ ਕੀਰਤਨ ਵਿਚ ਪ੍ਰਕਾਸ਼ਿਤ ਕਰ ਰਹੇ ਹਾਂ। ਇਸ ਅੰਕ ਵਿਚ ਇਕ ਸ਼ਬਦ ਸੰਗੀਤ ਲਿਪੀ ਪੰਨਾ ੨੧ ਉੱਤੇ ਛਾਪੀ ਗਈ ਹੈ ।

ਆਨਰੇਰੀ ਸੰਪਾਦਕ ਡਾ. ਜਾਗੀਰ ਸਿੰਘ

# ਅੰਮ੍ਰਿਤ ਕੀਰਤਨ ਲਈ ਮਾਇਕ ਸਹਾਇਤਾ ਭੇਜਣ ਵਾਲੇ ਸੁਹਿਰਦ ਅਤੇ ਸੂਝਵਾਨ ਸੱਜਣ

(ਮਿਤੀ 21-11-90 ਤੋਂ 20-12-90 ਤਕ)

| | | |
|---|---|---|
| — | ਮਿਸਜ਼ ਸਵਰਨ ਕੌਰ ਕਵਾਟਰ ਨੰ: 421 ਏ ਨਿਊ ਮਹਾਵੀਰ ਨਗਰ, ਦਿੱਲੀ | 50/- |
| — | ਭਾਈ ਸੁਖਰਾਜ ਸਿੰਘ ਰਾਗੀ, ਗੁ: ਸ੍ਰੀ ਗੁਰੂ ਸਿੰਘ ਸਭਾ, ਜੀਂਦ | 50/- |
| — | ਸ੍ਰ. ਮੁਬਾਰਕ ਸਿੰਘ 24 ਸੰਗੀਤ, ਛੇਵੀਂ ਰੋਡ, ਜੁਹੂ ਸਕੀਮ, ਵਿਲੇ ਪਾਰਲੇ, ਬੰਬਈ | 20/- |
| — | ਸ੍ਰ. ਇੰਦਰਜੀਤ ਸਿੰਘ ਭਾਟੀਆ 1813 ਫੇਜ-7 ਮੁਹਾਲੀ | 50/- |
| — | ਸ੍ਰ. ਰਾਜਬੀਰ ਸਿੰਘ 899 ਫ਼ੇਜ 10 ਮੁਹਾਲੀ | 50/- |
| — | ਸ੍ਰ. ਦਵਿੰਦਰਜੀਤ ਸਿੰਘ ਮਾਡਰਨ ਟਰੈਕਟਰਜ਼ ਜੀ.ਟੀ ਰੋਡ ਮਲੋਟ | 500/- |
| — | ਗਿਆਨੀ ਜੁਗਿੰਦਰ ਸਿੰਘ ਗੁਰਦੁਆਰਾ ਪਿੰਡ ਦਾਨੇਵਾਲਾ ਤਹਿ. ਮਲੋਟ ਜ਼ਿਲ੍ਹਾ ਫਰੀਦ ਕੋਟ | 40/- |
| — | ਸ੍ਰ. ਏ. ਬੀ.ਸ. ਕੋਹਲੀ 1317 ਸੈਕਟਰ 34 ਸੀ ਚੰਡੀਗੜ੍ਹ | 101/- |
| — | ਸ੍ਰ. ਸੇਵਾ ਸਿੰਘ ਲੀਸ਼ ਰਿਵਰ ਟੀ.ਜੀ. ਡਾ. ਬਗਰਾ ਕੋਟ ਜਿਲ੍ਹਾ ਜਲਪਾਈਗੁੜੀ (ਬੰਗਾਲ) | 55/- |
| — | ਬੀ.ਐਸ ਐਸ. 341 ਸੈਕਤਰ 21 ਏ ਚੰਡੀਗੜ੍ਹ | 11/- |
| — | ਸ੍ਰ. ਦਲੀਪ ਸਿੰਘ 14 ਸੈਕਟਰ 21 ਏ ਚੰਡੀਗੜ੍ਹ | 10/- |
| — | ਪ੍ਰੋ. ਹਰੀ ਸਿੰਘ ਦੀ ਨੈਸਟ ਪਵਨ ਨਗਰ ਕਸ਼ਮੀਰ ਰੋਡ ਅੰਮ੍ਰਿਤਸਰ | 50/- |
| — | ਸਾਹਨੀ ਮੋਟਰ ਐਸ.ਸੀ.ਐਫ. ਮੋਟਰ ਮਾਰਕੀਟ ਮਨੀਮਾਜਰਾ | 50/- |
| — | ਧਾਲੀਵਾਲ ਆਟੋ ਸੇਲ ਐਸ.ਸੀ.ਐਫ਼. 451 ਮੋਟਰ " " | 50/- |
| — | ਸ੍ਰ. ਧਰਮਪਾਲ ਸਿੰਘ ਅਨੰਦ ਮੋਟਰ ਐਸ.ਸੀ.ਐਫ. 520 ਮਨੀਮਾਜਰਾ | 50/- |
| — | ਸ੍ਰ. ਸਤਪਾਲ ਸਿੰਘ 3125 ਸੈਕਟਰ 32 ਡੀ ਚੰਡੀਗੜ੍ਹ | 50/- |
| — | ਸ੍ਰ. ਦਇਆ ਸਿੰਘ 2249 ਫੇਜ 7 ਮੁਹਾਲੀ | 100/- |
| — | ਬੈਸਟ ਰੈਸਟੋਰੈਂਟ ਐਸ.ਸੀ.ਐਸ. 20 ਸੈਕਟਰ 20 ਚੰਡੀਗੜ੍ਹ | 50/- |
| — | ਕਰਨਲ ਬੀ. ਐਸ. ਗਿੱਲ 10 ਕਾਰਪਸ ਡੈਂਟਲ ਯੂਨਿਟ C/o 56 ਏ.ਪੀ.ਓ | 50/- |
| — | ਜਸਬੀਰ ਕੌਰ ਐਚ.ਈ. 189 ਫੇਜ 1 ਮੁਹਾਲੀ | 100/- |
| — | ਸ੍ਰ. ਰਾਜਿੰਦਰਪਾਲ ਸਿੰਘ 420 ਫੇਜ 9 ਮੁਹਾਲੀ | 50/- |
| — | ਸ੍ਰ. ਇੰਦਰਜੀਤ ਸਿੰਘ ਗੋਗੋਆਣੀ | 50/- |
| | ਖਾਲਸਾ ਕਾਲਜ ਸੀਨੀ. ਸੈਕੰਡਰੀ ਸਕੂਲ ਅੰਮ੍ਰਿਤਸਰ | 50/- |
| — | ਸ੍ਰ. ਜਸਵੀਰ ਸਿੰਘ C/o ਸ੍ਰ. ਗੁਰਨਾਮ ਸਿੰਘ VPO ਧੱਤ ਲੁਧਿਆਣਾ | 50/- |
| — | ਕੀਰਤਨ ਭੇਟ ਸ੍ਰ ਹਰਭਜਨ ਸਿੰਘ ਚੋਪੜਾ ਮੁਹਾਲੀ | 232/50 |

(ਬਾਕੀ ਸਫ਼ਾ 35 ਤੇ)

# ਅੰਮ੍ਰਿਤ ਕੀਰਤਨ

# Amrit Kirtan

ਅੰਕ 1 ਸਾਲ ਤੀਜਾ ਜਨਵਰੀ 1991

ਸੰਪਾਦਕ (ਆਨਰੇਰੀ)
ਡਾ. ਜਾਗੀਰ ਸਿੰਘ

ਸਹਿਯੋਗੀ,
ਡਾ. ਤ੍ਰਿਲੋਚਨ ਸਿੰਘ ਤਰਸੀ
ਡਾ. ਕਰਨੈਲ ਸਿੰਘ ਸੋਮਲ
ਹਰਿਭਜਨ ਸਿੰਘ ਚੌਪੜਾ
ਸ੍ਰ. ਕੁਲਦੀਪ ਸਿੰਘ
ਪ੍ਰੋ. ਸਤਵਿੰਦਰ ਸਿੰਘ

ਚਿਤਰਕਾਰ : ਗੁਰਦੀਪ ਸਿੰਘ ਦੀਪ

ਚਿੱਠੀ ਪੱਤਰ ਲਈ ਪਤਾ :
**ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)**
422, ਸੈਕਟਰ 15-ਏ,
ਚੰਡੀਗੜ੍ਹ-160015
ਫੋਨ : 24660

**ਚੰਦੇ ਦਾ ਵੇਰਵਾ**

ਇੱਕ ਕਾਪੀ : 5 ਰੁਪਏ

**ਦੇਸ਼**

| | |
|---|---|
| ਸਲਾਨਾ | 50 ਰੁਪਏ |
| ਜੀਵਨ ਮੈਂਬਰ | 500 ਰੁਪਏ |

**ਵਿਦੇਸ਼**

| | |
|---|---|
| ਸਲਾਨਾ | 300 ਰੁਪਏ |
| ਜੀਵਨ ਮੈਂਬਰ | 3000 ਰੁਪਏ |

## ਵਿਸ਼ਾ ਪੰਨਾ

1. ਤੁਹਾਡੇ ਪੱਤਰ 3
2. ਜੇ ਤਉ ਪ੍ਰਿਆ ਦੀ ਸਿਕ
 —ਜੀ. ਐਸ. 'ਸੋਬਤੀ' ਹੋਡਲ 8
3. ਪੁਰਾਤਨ ਸੰਗੀਤਕਾਰਾਂ ਦੀ ਦਾਸਤਾਨ
 —ਟੀ. ਸੀ. ਨਾਗਪਾਲ 11
4. ਸੰਗੀਤ ਮਤ
 — ਬੇਦੀ ਲਾਲ ਸਿੰਘ ਸਾਹਿਤਕਾਰ 17
5. ਰਾਗ ਸੁਰਲਿਪੀ
 —ਹਰਿਭਜਨ ਸਿੰਘ 21
6. ਏਹਿ ਭਿ ਦਾਤਿ ਤੇਰੀ ਦਾਤਾਰ
 — ਪ੍ਰਿੰ. ਸਾਹਿਬ ਸਿੰਘ 24
7. Kirtan Towards Immortality 27
Bishan Swaroop Aggarwal 'Ropari'
8. ਆਸਾ ਦੀ ਵਾਰ ; ਲੜੀਵਾਰ ਵੀਚਾਰ
 — ਪ੍ਰੇਮ ਸਿੰਘ ਪ੍ਰੇਮ 29
9. ਇਕ ਨਿਵੇਕਲੀ ਕੈਸਟ ; ਦਰਦ ਕੌਣ ਦਰਵੇਸ਼
 — ਪ੍ਰੋਫੈਸਰ ਸੁਭਾਸ਼ ਪਰਿਹਾਰ 32

ਨੋਟ : ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ। ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਤੁਹਾਡੇ ਪੱਤਰ

ਮੈਂ ਨਵੰਬਰ ਦਾ 'ਅੰਮ੍ਰਿਤ ਕੀਰਤਨ' ਅੰਕ ਪੜ੍ਹਿਆ। ਪੜ੍ਹ ਕੇ ਕਾਫ਼ੀ ਚੰਗੇ ਲੇਖ ਪੜ੍ਹਨ ਲਈ ਮਿਲੇ ਜਿਵੇਂ ਕਰਮ ਸਿੰਘ ਰਤਨ ਦਾ ਲੇਖ 'ਰਾਗੀ ਸਿੰਘਾਂ ਤੇ ਗੁਰਦੁਆਰਾ ਪ੍ਰਬੰਧਕਾਂ ਨੂੰ ਕੁਝ ਸੁਝਾਅ' ਪੜ੍ਹ ਕੇ ਬੜਾ ਅਨੰਦ ਆਇਆ, ਕਿਉਂਕਿ ਇਹ ਬਹੁਤ ਜ਼ਰੂਰੀ ਕੰਮ ਸੀ ਜੋ ਕੁਝ ਲਿਖਿਆ ਸੀ ਬਿਲਕੁਲ ਠੀਕ ਲਿਖਿਆ ਹੈ। ਮੇਰੇ ਵੱਲੋਂ ਭਾਈ ਕਰਮ ਸਿੰਘ ਰਤਨ ਦਾ ਬਹੁਤ ਧੰਨਵਾਦ ਹੈ। ਇਹੋ ਜਿਹੇ ਲੇਖ ਲਿਖਦੇ ਰਹਿਣ ਤੇ ਸਾਨੂੰ ਸਿਖਿਆ ਦੇਂਦੇ ਰਹਿਣ।

—ਮੰਗਤ ਸਿੰਘ ਮਸਤਾਨਾ

1. ਅੱਜ ਕੱਲ੍ਹ ਜਦੋਂ ਕੋਈ ਪਰਚਾ ਡਾਕ ਵਿਚ ਚੋਰੀ ਹੁੰਦਾ ਹੈ ਤਾਂ ਰੱਦੀ ਵਿਚ ਵਿਕਣ ਲਈ ਹੁੰਦਾ ਹੈ, ਪਰ ਅੰਮ੍ਰਿਤ ਕੀਰਤਨ ਅਕਸਰ ਲੋਕੀ ਇਸ ਦੇ ਮੈਟਰ ਲਈ ਉਡਾਉਂਦੇ ਹਨ ਕਿਉਂਕਿ ਇਸ ਦੇ ਸਫੇ ਗਿਣਤੀ ਦੇ ਹੁੰਦੇ ਹਨ, ਜਿਨ੍ਹਾਂ ਦਾ ਰੱਦੀ ਵਿਚ ਮੁੱਲ ਘੱਟ ਮਿਲਦਾ ਹੈ।

2. ਪਰਚਾ ਤਕਨੀਕੀ ਵਿਸ਼ੇ ਦਾ ਹੈ ਪਰ ਇਸ ਦੇ ਲੇਖ ਸਾਧਾਰਣ ਬੁੱਧੀ ਦੇ ਪਾਠਕ ਨੂੰ ਵੀ ਸਮਝ ਪੈ ਜਾਂਦੇ ਹਨ। ਇਹ ਦੂਜਾ ਕਾਰਨ ਹੈ ਇਸ ਦੇ ਗੁੰਮ ਹੋਣ ਦਾ।

3. ਜੇ ਪਰਚਾ ਲੋਕੀ ਚੁਰਾ ਕੇ ਵੀ ਪੜ੍ਹਨਾ ਪਸੰਦ ਕਰਨ ਉਸਦੀ ਸ੍ਰੇਸ਼ਟਤਾ ਬਾਰੇ ਕੋਈ ਰਾਇ ਦੇਣ ਵਾਲੇ ਨੂੰ ਘੱਟੋ ਘੱਟ ਦੋ ਵਾਰ ਸੋਚਣਾ ਚਾਹੀਦਾ ਹੈ। ਮੈਂ ਪਿਛਲੇ ਕਈ ਪਰਚੇ ਡਾਕ ਵਿਚ ਗੁਆ ਚੁੱਕਾ ਹਾਂ, ਇਸ ਲਈ ਇਸ ਟੋਟ ਦੇ ਅਰਥ ਸਮਝਦਾ ਹਾਂ। ਡਾਕ ਚੋਰਾਂ ਨੂੰ ਅਤੇ ਪਰਚੇ ਦੇ ਸੰਪਾਦਕਾਂ ਨੂੰ ਵਧਾਈ ਦਿੰਦਾ ਹਾਂ। ਇਕ ਨੂੰ ਚੰਗੀ ਸੈ ਦੀ ਪਛਾਣ ਕਰਨ ਦੀ ਅਤੇ ਦੂਜੇ ਨੂੰ ਇਕ ਚੰਗੀ ਕਿਰਤ ਪੇਸ਼ ਕਰਨ ਦੀ। ਜੇਕਰ ਚੁਰਾਏ ਗਏ ਪਰਚਿਆਂ ਦੇ ਇਕ ਪਾਠਕ ਨੂੰ ਵੀ ਰਸ ਆਉਂਦਾ ਹੋਵੇ ਤਾਂ ਸੰਪਾਦਕ ਦਾ ਹੱਕ ਪੂਰਾ ਹੋਇਆ ਸਮਝੋ। ਉਹ ਦਿਨ ਦੂਰ ਨਹੀਂ ਜਦੋਂ ਅਸੀਂ ਇਕ ਪਰਚੇ ਵਿਚ ਤਿੰਨ ਭਾਸ਼ਾਵਾਂ ਦੀ ਥਾਂ ਤਿੰਨ ਪਰਚੇ ਪਾਠਕਾਂ ਦੇ ਹੱਥਾਂ ਵਿਚ ਦੇਖ ਸਕਾਂਗੇ। ਉਸ ਦਿਨ ਸੰਪਾਦਕ ਦੀ ਜਿੱਤ ਹੋਵੇਗੀ। ਹਿੰਦੀ ਭਾਗ ਵਿਚ ਦਿਗੰਬਰੀ ਪਰਿਵਾਰ ਦੇ ਗਾਇਕਾਂ ਦੀਆਂ ਰਚੀਆਂ ਸ਼ਬਦਾਂ ਦੀਆਂ ਸੁਰ ਲਿਪੀਆਂ ਅਤੇ ਅੰਗਰੇਜ਼ੀ ਭਾਗ ਵਿਚ ਸਟਾਫ ਨੋਟੇਸ਼ਨ ਵਿਚ ਹਰ ਮਹੀਨੇ ਇਕ ਸੁਰ ਲਿਪੀ ਦੇ ਸਕੋ ਤਾਂ ਠੁੱਕ ਬੱਝ ਜਾਵੇ।

ਮੈਂ ਕੁਝ ਗੁੰਝਲਾਂ ਵਿਚ ਉਲਝਿਆ ਰਿਹਾ ਹਾਂ, ਆਸ ਹੈ ਛੇਤੀ ਹੀ ਅੰਮ੍ਰਿਤ ਕੀਰਤਨ ਲਈ ਕੁਝ ਲਿਖ ਸਕਾਂਗਾ।

ਇਹ ਜੋ ਰਾਗਾਂ ਦੀ ਗਿਣਤੀ ਬਾਰੇ ਚਰਚਾ ਚਲਣ ਲੱਗੀ ਹੈ, ਇਸ ਨੂੰ ਜਾਰੀ ਰੱਖੋ। ਮੈਂ ਸਮਝਦਾ ਹਾਂ ਇਹ ਸੁਰਗਵਾਸੀ ਵੀਰ ਤਾਰਾ ਸਿੰਘ ਅਤੇ ਦਾਸ ਦੇ ਬੀਜੇ ਕਸੁੰਭੜੇ ਨੂੰ ਫੁਟਾਰਾ ਪੈਣ ਲੱਗਾ ਹੈ। ਇਸ ਚਰਚਾ ਨੂੰ ਜਾਰੀ ਰੱਖੋ। ਆਪਣੇ ਥੀਸਿਸ ਨੂੰ ਲੜੀਵਾਰ ਛਾਪੋ। ਸਤਿਗੁਰੂ ਫਲ ਲਾਇਗਾ। ਸਾਡੀਆਂ ਸਭ ਅਰਦਾਸਾਂ ਨਾਲ ਹਨ।

— ਦਵਿੰਦਰ ਸਿੰਘ ਵਿਦਿਆਰਥੀ

# ਇੰਗਲੈਂਡ ਤੋਂ ਆਏ ਇਕ ਪੱਤਰ ਦਾ ਨਿਮਰਤਾ ਪੂਰਵਕ ਜਵਾਬ

ਟੀ. ਸੀ. ਨਾਗਪਾਲ

ਅੰਕ ਨੰ 18 (ਨਵੰਬਰ 1990) 'ਅੰਮ੍ਰਿਤ ਕੀਰਤਨ' ਦੇ ਟਾਈਟਲ ਸਫਾ ਦੋ ਉਪਰ 'ਇਕ ਪੱਤਰ ਇੰਗਲੈਂਡ ਤੋਂ' ਸਿਰਲੇਖ ਹੇਠ ਦਾਸ ਸੰਬੰਧੀ ਕੁਝ ਮਜ਼ਮੂਨ ਛਪਿਆ ਹੈ, ਜੋ ਕਿ ਉਥੋਂ ਦੇ ਇਕ ਸਨਮਾਨ ਯੋਗ ਅਜ਼ੀਜ ਪਾਠਕ ਨੇ ਮੇਰੇ ਮੁਤਅਲਿਕ ਬੜੇ ਖ਼ਲੂਸੇ-ਦਿਲ ਅਤੇ ਹਾਰਦਿਕ ਪਿਆਰ ਨਾਲ ਆਪਣੇ ਹਮਦਰਦੀ ਭਰੇ ਵਿਚਾਰ ਪ੍ਰਗਟ ਕਰਦੇ ਹੋਏ, ਉਪਰੋਕਤ ਨੰਬਰ 18 ਅੰਕ ਵਿਚ ਸਨਮਾਨ ਯੋਗ ਡਾ. ਜਾਗੀਰ ਸਿੰਘ ਜੀ ਸੰਪਾਦਕ 'ਅੰਮ੍ਰਿਤ ਕੀਰਤਨ' ਰਾਹੀਂ ਦਾਸ ਨੂੰ ਆਪਣੀਆਂ ਹਾਰਦਿਕ ਵਧਾਈਆਂ ਪੇਸ਼ ਕੀਤੀਆਂ ਹਨ, ਸੋ ਪਹਿਲੇ ਤਾਂ ਇਖਲਾਕੀ ਪਾਬੰਦੀ ਹੇਠ ਜਵਾਬ ਵਜੋਂ ਦਾਸ ਵੱਲੋਂ ਭੀ ਉਨ੍ਹਾਂ ਦੇ ਨੇਕ-ਵਿਚਾਰ, ਤੀਬਰ ਪਿਆਰ ਭਰੇ ਜਜ਼ਬਾਤ ਅਤੇ ਸ਼ੁਭ ਇਛਾਵਾਂ ਦੀ ਬਹੁਤ ਬਹੁਤ ਮੁਬਾਰਕ-ਬਾਦ ਅਤੇ ਨਾਲ ਹੀ ਦਿਲੀ-ਦੁਆਵਾਂ।

ਦੁਆ ਅਸਲੀ-ਦਰ ਅਸਲ ਹਮੇਸ਼ਾਂ ਨਿਕਲਦੀ ਹੀ ਦਿਲੋਂ ਹੈ। ਇਥੇ ਮੈਨੂੰ ਉਰਦੂ ਦਾ ਇਕ ਸ਼ੇਅਰ ਯਾਦ ਆ ਗਿਆ :

ਦੁਆਏਂ ਦਿਲ ਸੇ ਨਿਕਲਦੀ ਹੈਂ, ਖ਼ੁਸ਼ਾਮਦ ਦਿਮਾਗ਼ ਸੇ।
ਧੂਪ ਸੂਰਜ ਸੇ ਮਿਲਤੀ ਹੈ, ਧੂਆਂ ਚਰਾਗ ਸੇ।

ਠੀਕ ਹੈ ! ਖਿਆਲ ਆਪਣਾ ਆਪਣਾ, ਰਾਇ ਆਪਣੀ ਆਪਣੀ। ਪਰੰਤੂ ਇਕ ਬੇਨਤੀ ਹੈ ਕਿ ਇੰਗਲੈਂਡ ਦੇ ਉਪਰੋਕਤ ਸਾਰੇ ਪੱਤਰ ਦਾ ਮਜ਼ਮੂਨ ਇਵੇਂ ਹੀ ਨਹੀਂ, ਜਿਵੇਂ ਉਨ੍ਹਾਂ ਲਿਖ ਭੇਜਿਆ ਹੈ। ਬਹਰ-ਹਾਲ ਉਨ੍ਹਾਂ ਦੀ ਇਸ ਜ਼ਰਾ-ਨਿਵਾਜ਼ੀ ਦਾ ਸ਼ੁਕਰੀਆ। ਫਿਰ ਵੀ ਦਾਸ ਨੂੰ ਆਪਣੇ ਬਾਰੇ ਕੋਈ ਭੁਲੇਖਾ ਨਹੀਂ ਹੈ। ਸਚਾਈ ਤਾਂ ਇਹ ਹੈ ਕਿ ਨਾ ਤਾਂ ਦਾਸ ਕੋਈ ਆਲਮ ਫਾਜ਼ਲ ਉੱਚੀ ਤਾਲੀਮ ਦਾ ਡਿਗਰੀ ਯਾਫ਼ਤਾ ਸ਼ਖਸ ਹੈ ਅਤੇ ਨਾ ਹੀ ਕੋਈ ਪ੍ਰੋਫੈਸ਼ਨਲ ਲਿਖਾਰੀ, ਅਦੀਬ ਕੀਰਤਨਕਾਰ ਜਾਂ ਨੋਮੀਨਲ ਸੰਗੀਤਕ ਕਲਾਕਾਰ ਹੀ ਹੈ, ਇਲਾਵਾ ਨਾ ਹੀ ਦਾਸ ਪਾਸ ਕੋਈ ਸੰਗੀਤਕ ਪੁਸਤਕਾਂ ਹਨ ਅਤੇ ਨਾ ਹੀ ਦਾਸ ਨੇ ਸਾਰੀ ਉਮਰ ਅਜਿਹੀਆਂ ਪੁਸਤਕਾਂ ਕਿਸੇ ਲਾਇਬਰੇਰੀ ਜਾਂ ਸਕੂਲ ਕਾਲਜ 'ਚੋਂ ਹੀ ਪੜ੍ਹੀਆਂ ਹਨ।

ਹਾਂ। ਇਕ ਗੱਲ ਜ਼ਰੂਰ ਹੈ, ਉਹ ਭੀ ਦਾਸ ਦੇ ਆਪਣੇ ਜ਼ੋਰ-ਤਰਾਣ ਦੀ ਨਹੀਂ ਬਲਕਿ ਵਾਹਿਗੁਰੂ ਬਖ਼ਸ਼ਿਸ਼ ਹੀ ਹੈ ਅਤੇ ਸ਼ਾਇਦ ਇਹ ਕੁਝ ਪੂਰਬਲੇ ਸੰਸਕਾਰਾਂ ਅਨੁਸਾਰ ਹੀ ਹੋਵੇ ਕਿ ਦਾਸ ਹੋਸ਼ ਸੰਭਾਲਣ ਤੋਂ ਹੀ ਕੁਝ ਇਲਮ-ਦੋਸਤ ਤਬੀਅਤ ਰਿਹਾ ਹੈ। ਸੋ ਇਸ ਨਜ਼ਰੀਏ ਨਾਲ ਦਾਸ ਨੂੰ ਜਿੱਥੇ ਕਿਧਰੇ ਭੀ ਕੋਈ ਗੁਣ ਖ਼ੂਬੀ ਨਜ਼ਰ ਆਉਂਦੀ ਯਾ ਪ੍ਰਤੀਤ ਹੁੰਦੀ ਹੈ, ਦਾਸ ਦੀ ਹਾਰਦਿਕ ਮਨਸ਼ਾ ਹੁੰਦੀ ਹੈ ਕਿ ਕਿਸੇ ਤਰ੍ਹਾਂ ਦਾਸ ਇਸ ਗੁਣਵਾਨ ਅਥਾਰਟੀ ਯਾ ਪ੍ਰਸਨੈਲਿਟੀ ਨਾਲ Attach ਹੋ ਜਾਵੇ। ਉਸ ਵੇਲੇ ਦਾਸ ਇਹ ਨਹੀਂ ਸੋਚਦਾ ਕਿ ਅਜਿਹਾ ਗੁਣਵਾਨ ਸੱਜਣ ਹਿੰਦੂ ਹੈ ਯਾ ਸਿੱਖ, ਈਸਾਈ ਹੈ, ਮੁਸਲਮਾਨ ਯਾ ਹਰੀਜਨ, ਕਪੜੇ ਵਧੀਆ ਪਹਿਨੇ ਹਨ ਯਾ ਸਾਧਾਰਣ, ਧੰਧਾ ਹਲਕਾ ਕਰਦਾ ਹੈ

ਯਾ ਠਾਠ ਬਾਠ ਵਾਲਾ। ਅੰਮ੍ਰਿਤਸਰ ਵਿਚ 68-70 ਸਾਲਾ ਇਕ ਹਰੀਜਨ ਸੱਜਣ ਹਨ; M/Corpn/ASR ਤੋਂ ਰਿਟਾਇਰਡ ਹਨ। ਕਈ ਸਾਲਾਂ ਤੋਂ ਭਗਵੇਂ ਬਸਤਰ ਹੀ ਪਹਿਨਦੇ ਹਨ। ਲੇਕਿਨ ਗੱਲ ਸਿਧਾਂਤਕ ਤੇ To the point ਹੀ ਕਰਦੇ ਹਨ। ਕਦੇ ਦਫਤਰ ਵਿਚ ਹੀ ਜਾਂ ਇਸ ਸਮੇਂ ਬਾਜ਼ਾਰ ਵਿਚ ਭੀ ਲੰਘਦੇ ਅਗਰ ਉਨ੍ਹਾਂ ਦਾ ਮੇਲ ਹੋ ਜਾਏ ਤਾਂ ਉਨ੍ਹਾਂ ਦੀ Ability and Morality ਨੂੰ ਮੁੱਖ ਰਖਦੇ ਹੋਏ ਦਾਸ ਉਨ੍ਹਾਂ ਦੇ ਚਰਨ ਛੂਹ ਲੈਂਦਾ ਹੈ। ਇੰਜ ਕਦੇ ਦਾਸ ਦੇ ਮਨ ਵਿਚ ਵਿਚਾਰ ਨਹੀਂ ਆਈ ਕਿ ਸਮਾਜ ਦੇ ਦੂਜੇ ਵਾਕਿਫ਼ ਬੇ-ਵਾਕਿਫ਼ ਰਿਸ਼ਤੇਦਾਰ ਆਦਿਕ ਅਜਿਹਾ ਵੇਖ ਕੇ ਮੇਰੇ ਬਾਰੇ ਕੀ ਕਹਿੰਦੇ ਯਾ ਸੋਚਦੇ ਹੋਣਗੇ ? ਦਾਸ ਥੋੜ੍ਹਾਂ ਕੁ ਪਿਛਲੇ ਲੇਖਾਂ ਵਿਚ ਭੀ ਲਿਖ ਚੁੱਕਿਆ ਹੈ ਕਿ ਸੰਨ 1926-27 ਵਿਚ ਦਸ ਕੁ ਸਾਲ ਦੀ ਉਮਰੇ ਦਾਸ ਨੂੰ ਸਵ: ਭਾਈ ਫ਼ਜ਼ਲ ਰਬਾਬੀ ਨੇ ਆਪਣੀ ਪੁਰ-ਕਸ਼ਿਸ਼ ਕਲਾਕਾਰੀ ਰਾਹੀਂ ਸੁਰੀਲੀ ਸੁਰ ਵ ਤਾਲ ਦਾ ਚਸਕਾ ਲਾ ਕੇ ਅਤੇ ਨਾਲ ਗੁਰ-ਇਤਿਹਾਸ ਅਤੇ ਕੁਝ ਸ਼ਬਦ ਬਾਣੀ ਦੇ ਮੇਲ ਨਾਲ ਆਪਣਾ ਦਿਲ-ਦਾਦਾ ਅਤੇ ਪੱਕਾ ਸਰੋਤਾ ਬਣਾ ਲਿਆ ਅਤੇ ਉਹ ਹੀ ਗੱਲ ਅੱਜ ਤੱਕ ਦਾਸ ਨਾਲ ਕਾਇਮ ਹੈ। ਸਵ: ਸ੍ਰੀ ਰਹਿਮਤ ਕੱਵਾਲ ਦੇ ਸਪੁੱਤਰ ਸ੍ਰੀ ਇਰਸ਼ਾਦ ਅਹਿਮਦ ਜੋ ਆਪਣੀ ਗਾਈ ਜਾ ਰਹੀ ਕਲਾਮ ਨਾਲ ਕਦੇ ਕਦੇ ਗਿਰਹਾ ਲਗਾਉਂਦੇ ਹੋਏ ਗਾਇਆ ਕਰਦੇ ਹਨ ਕਿ 'ਇਸ਼ਕ ਦਾ ਰੋਗ ਨਾ ਮੂਲੋਂ ਜਾਂਦਾ ਤੇ ਭਾਵੇਂ ਦਾੜ੍ਹੀ ਹੋ ਜਾਏ ਚਿੱਟੀ,' ਵੀ ਦਾਸ ਦੇ ਪੁਰਾਣੇ ਮਿੱਤਰ ਹਨ।

ਸੋ ਉਪਰੋਕਤ ਲਾਗ ਜਾਂ ਇਸ਼ਕ ਦੇ ਤਹਿਤ ਦਾਸ ਨੇ ਜਿਨ੍ਹਾਂ ਉੱਘੇ ਉੱਘੇ ਤੇ ਉਸਤਾਦ ਟਾਈਪ ਰਬਾਬੀ ਕੀਰਤਨਕਾਰਾਂ (ਕਲਾਕਾਰਾਂ) ਅਤੇ ਖ਼ਾਂ ਸਾਹਿਬ ਆਲਮਗੀਰ ਨਾ-ਨਜ਼ੀਰ ਵਾਦਨ ਮਾਹਿਰ ਅਤੇ ਕਲਾਸੀਕਲ ਗਾਇਕ ਨੂੰ ਅੱਖੀਂ ਵੇਖਿਆ ਅਤੇ ਕੰਨੀਂ ਸੁਣਿਆ ਹੈ, ਉਹਨਾਂ ਦੀ ਦਾਸਤਾਨ ਇਹਨਾਂ ਕੁਝ ਕੁ ਲੇਖਾਂ ਰਾਹੀਂ ਦਾਸ ਨੇ ਆਪਣੇ ਸਨਮਾਨ ਯੋਗ ਅਤੇ ਅਜ਼ੀਜ਼ ਪਾਠਕਾਂ ਤਕ ਬਤੌਰ ਇਕ ਕਿੱਸਾ-ਗੋ ਯਾਨੀ ਕਹਾਣੀਕਾਰ ਰਸਮੇਂ ਵਫ਼ਾ ਦੇ ਜਜ਼ਬੇ ਦੇ ਅਧੀਨ ਪੇਸ਼ ਕਰ ਦਿੱਤੀ। ਬਸ ਇਸ ਤੋਂ ਵਧੇਰੇ ਕੁਝ ਨਹੀਂ। ਉਪਰੰਤ ਇੰਗਲੈਂਡ ਦੇ ਲੇਖਕ ਇਹ ਭੀ ਲਿਖਦੇ ਹਨ ਕਿ ਦਾਸ ਇਸ ਵਿਸ਼ੇ ਤੇ ਸਿਮਟ ਸਿਮਟ ਕੇ ਕਿਉਂ ਲਿਖਦਾ ਹੈ ? ਸੋ ਇਸ ਦੇ ਉੱਤਰ ਵਿਚ ਦਾਸ ਇਹ ਹੀ ਗੁਜ਼ਾਰਿਸ਼ ਕਰੇਗਾ ਕਿ ਪ੍ਰਬੰਧਕ ਸੱਜਣਾਂ ਨੇ ਤਾਂ ਦਾਸ ਉਪਰ ਕੋਈ ਪਾਬੰਦੀ ਨਹੀਂ ਲਗਾਈ, ਦਾਸ ਖ਼ੁਦ ਹੀ ਆਪਣੇ ਪਿਆਰੇ ਪਾਠਕਾਂ ਸੱਜਣਾਂ ਤੋਂ ਡਰਦਾ ਰਹਿੰਦਾ ਹੈ ਕਿ ਕਿਧਰੇ ਮਜ਼ਮੂਨ ਬਹੁਤ ਜ਼ਿਆਦਾ ਤਵੀਲ (ਲੰਮਾ) ਹੋ ਜਾਣ ਦੇ ਸਬਬ ਉਹ ਉਕਤਾ ਹੀ ਨਾ ਜਾਣ ਯਾ ਬੋਰ ਹੀ ਨਾ ਹੁੰਦੇ ਹੋਣ।

ਦੂਜੇ ਪਾਸੇ ਆਮ ਦੇਖੀ ਦਾ, ਪੜ੍ਹੀਦਾ ਹੈ ਕਿ ਇਸੇ 'ਅੰਮ੍ਰਿਤ ਕੀਰਤਨ' ਅੰਕ ਵਿਚ ਅਤੇ ਚੰਡੀਗੜ੍ਹ ਦੇ ਹੀ ਇਕ ਹੋਰ ਅੰਕ 'ਗੁਰਬਾਣੀ ਇਸੁ ਜਗ ਮਹਿ ਚਾਨਣੁ' ਵਿਚ ਬੜੇ ਬੜੇ ਸੂਝਵਾਨ ਤੇ ਦਾਨਿਸ਼ਮੰਦ ਗਿਆਨੀ ਉਚੇਰੀ ਤਾਲੀਮ ਯਾਫ਼ਤਾ ਧਾਰਮਿਕ ਵਿਚਾਰਵਾਨ, ਸੰਗੀਤਕਲਾ ਦੇ ਵਿਦਵਾਨ ਦਾਰਸ਼ਨਿਕ ਫ਼ਲਾਸਫ਼ਰ ਸੱਜਣਾਂ ਦੇ ਲੇਖ ਆਉਂਦੇ ਹਨ। ਕਲਾਸੀਕਲ ਸੰਗੀਤ (ਰਾਗਾਂ ਤਾਲਾਂ) ਦੀ ਗਰਾਮਰ ਸੰਬੰਧੀ ਭੀ ਖੋਜ

ਭਰੇ ਵਿਚਾਰ ਆਉਂਦੇ ਹਨ। ਸੋ ਦਾਸ ਤਾਂ ਇਹਨਾਂ ਹਸਤੀਆਂ ਦੇ ਮੁਕਾਬਲੇ ਕੁਝ ਵੁਅਕਤ ਯਾ ਅਹਿਮੀਅਤ ਹੀ ਨਹੀਂ ਰਖਦਾ। ਤਦ ਭੀ ਦਾਸ ਨੂੰ ਇੰਗਲੈਂਡ ਦੇ ਪੱਤਰ ਲਿਖਣ ਵਾਲੇ ਦੀਆਂ ਸ਼ੁਭ ਭਾਵਨਾਵਾਂ ਦਾ ਧੰਨਵਾਦ ਸਹਿਤ ਦਿਲੋਂ ਮਨੋਂ ਆਦਰ ਹੈ।

ਹੁਣ ਰਹੀ ਗੱਲ ਇੰਗਲੈਂਡ ਦੇ ਸੱਜਣ ਜੀ ਦੇ ਇਸ ਸੁਝਾਆ ਯਾ ਸਿਫ਼ਾਰਸ਼ ਦੀ ਕਿ ਦਾਸ ਦੇ ਇਹਨਾਂ ਲੇਖਾਂ ਦੇ ਇਵਜ਼ ਵਜੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾਸ ਦੀ ਉਮਰ ਭਰ ਲਈ ਪੈਨਸ਼ਨ ਲਗਾ ਦੇਵੇ। ਇਹ ਪੜ੍ਹ ਕੇ ਦਾਸ ਨੂੰ ਆਪਣੇ ਮਨ ਵਿਚ ਅੰਦਰੋਂ ਅੰਦਰ ਹੀ ਕੁਝ ਲੱਜਾ ਜਿਹੀ ਹੀ ਮਹਿਸੂਸ ਹੋ ਰਹੀ ਹੈ ਕਿ ਕੀ ਦਾਸ ਆਪਣੇ ਕੁਝ ਨਾ-ਚੀਜ਼ ਜਿਹੇ ਇਨ੍ਹਾਂ ਵਿਚਾਰਾਂ ਯਾ ਲੇਖਾਂ ਦਾ ਇੰਜ ਇਸ ਤਰੀਕੇ ਮੁੱਲ ਵੱਟ ਲਵੇ? ਸੋ ਮੁਆਫ਼ੀ ਚਾਹੁੰਦਾ ਹਾਂ। ਇਹ ਸੁਝਾਅ ਯਾ ਸਿਫ਼ਾਰਿਸ਼ ਦਾਸ ਨੂੰ ਕਤੱਨ ਇਕ ਪ੍ਰਸੈਂਟ ਭੀ ਨਹੀਂ ਜਚੇ। ਦੂਸਰੀ ਗੱਲ ਇਕ ਹੋਰ ਭੀ ਹੈ ਕਿ ਵਾਹਿਗੁਰੂ ਅਕਾਲ ਪੁਰਖ ਦੀ ਬੜੀ ਅਪਾਰ ਕਿਰਪਾ ਹੈ ਕਿ ਦਾਸ ਦੀ ਉਲਾਦ ਬੜੀ ਆਗਿਆਕਾਰ ਜ਼ਿੰਮੇਦਾਰ ਅਤੇ ਫ਼ਰਮਾਬ੍ਰਦਾਰ ਹੈ ਅਤੇ ਇੰਜ ਪ੍ਰਭੂ ਨੇ ਉਨ੍ਹਾਂ ਨੂੰ ਨਮਿਤ ਬਣਾ ਕੇ ਮੇਰੀ ਹਰ ਬੁਨਿਆਦੀ ਲੋੜ ਥੋੜ ਪੂਰੀ ਕਰ ਰੱਖੀ ਹੈ ਅਤੇ ਕਰ ਰਿਹਾ ਹੈ। ਦੂਸਰੀ ਤਰਫ਼ ਜੇ ਲੋਭ ਲਾਲਚ ਵੱਲ ਇਨਸਾਨ ਬਹੁਤਾ ਜਾਵੇ ਤਾਂ ਫਿਰ 'ਜਿਉ ਪਾਵਕ ਏਂਧਨ ਨਹੀਂ ਧ੍ਰਾਪੇ। ਬਿਨ ਹਰਿ ਕਹਾਂ ਅਘਾਈ' ਵਾਲੀ ਗੱਲ ਹੀ ਹੁੰਦੀ ਹੈ। ਨਾਲੇ ਦਾਸ ਸਾਦਗੀ ਪਸੰਦ ਇਕ ਜਨ-ਸਾਧਾਰਨ ਹੈ। ਲਗਜ਼ੂਰੀਅਸ ਟਾਈਪ ਤਬੀਅਤ ਦਾਸ ਕਤੱਨ ਨਹੀਂ। ਉਪਰੰਤ ਉਂਜ ਭੀ ਦਾਸ ਇਸ 74-75 ਸਾਲਾ ਆਯੂ ਹਾਰਟ ਮਰੀਜ਼ 'ਵ ਕਮਜ਼ੋਰ ਜਿਹੇ ਸਰੀਰ ਅਨੁਸਾਰ ਅੰਦਰੋਂ ਇੰਜ ਮਹਿਸੂਸ ਕਰਦਾ ਹੈ ਕਿ ਹੁਣ ਤਾਂ 'ਨਦੀ ਕਿਨਾਰੇ ਰੁਖੜਾ' ਯਾ, 'ਅਗਾ ਨੇੜੈ ਆਇਆ ਪਿਛਾ ਰਹਿਆ ਦੂਰ' ਵਾਲੀ ਗੱਲ ਹੀ ਹੈ। ਸੋ ਉਪਰੋਕਤ ਸਭ ਅਰਜ਼ ਤੋਂ ਭਾਵ ਕਿ ਇੰਜ ਦਾਸ Deserving ਯਾ ਲੋੜਵੰਦ ਭੀ ਨਹੀਂ। ਸਗੋਂ ਮੈਨੂੰ ਤਾਂ ਪ੍ਰਭੂ ਦੀ ਸਿਰਫ਼ ਸ਼ੁਕਰ ਗੁਜ਼ਾਰੀ ਕਰਨੀ ਹੀ ਬਣਦੀ ਹੈ।

ਕਾਸ਼! ਇਹ ਹੀ ਪੈਨਸ਼ਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉਪਰੋਕਤ ਦੋਨੋਂ ਕਿਸਮ ਦੇ ਅੰਕਾਂ 'ਅੰਮ੍ਰਿਤ ਕੀਰਤਨ' ਅਤੇ 'ਗੁਰਬਾਣੀ ਇਸੁ ਜਗ ਮਹਿ ਚਾਨਣੁ' ਦੀ ਲਗਾ ਦੇਵੇ ਅਤੇ ਹਰ ਸਰਦੀ ਪੁਜਦੀ ਵਾਲੇ ਸੂ-ਪਲਸ ਪਾਠਕ ਸੱਜਣ ਭੀ ਇਵੇਂ ਹੀ ਇਹਨਾਂ ਅੰਕਾਂ ਦੀ ਹਸਬ-ਤੌਫ਼ੀਕ ਕੁਝ ਇਮਦਾਦ ਕਰਨ ਕਿ ਜਿਸ ਨਾਲ ਇਹ ਅੰਕ ਚੜ੍ਹਦੀਆਂ ਕਲਾਂ ਵਿਚ ਜਾਂਦੇ ਹੋਏ ਕੀਰਤਨਕਾਰਾਂ, ਪਾਠਕਾਂ, ਸੰਗੀਤ ਪ੍ਰੇਮੀਆਂ ਅਤੇ ਧਾਰਮਕ ਮਨਾਂ ਦੇ ਸ਼ਰਧਾਲੂ ਸਤਸੰਗੀਆਂ ਦੀ ਇੰਜ ਹੋਰ ਵਧੇਰੇ ਵਧ ਚੜ੍ਹ ਕੇ ਸੇਵਾ ਨਿਭਾ ਸਕਣ, ਤਾਂ ਦਾਸ ਨੂੰ ਪ੍ਰਸੰਨਤਾ ਮਹਿਸੂਸ ਹੋਵੇਗੀ। ਕਿਸੇ ਭੁਲ ਵਜੋਂ ਖਿਮਾਂ। ਇਕ ਮੇਰੇ ਹੋਰ ਸਨਮਾਨ ਯੋਗ ਪਾਠਕ ਸ੍ਰ: ਪਿਆਰਾ ਸਿੰਘ ਜੀ ਦਾਤਾ 80/14 ਮਾਲਵੀਆ ਨਗਰ, ਨਵੀਂ ਦਿੱਲੀ ਵੱਲੋਂ ਮੇਰੇ ਬਾਰੇ ਇਸੇ 'ਅੰਮ੍ਰਿਤ ਕੀਰਤਨ' ਅੰਕ ਨੰ: 14 ਜੁਲਾਈ 90 ਸਫ਼ਾ ਦੋ 'ਤੁਹਾਡੇ' ਪੱਤਰ ਸਿਰਲੇਖ ਹੇਠ ਕੁਝ ਆਪਣੇ ਖੋਜ ਭਰੇ ਤੇ ਸ਼ੁਭ ਵਿਚਾਰ ਵ ਸਹੀ ਕਲਾ ਪਿਆਰ ਦੇ ਜਜ਼ਬਾਤ ਪੇਸ਼ ਕਰਦੇ ਹੋਏ ਦਾਸ ਨੂੰ ਮੁਬਾਰਕਵਾਦ ਪੇਸ਼ ਕੀਤੀ ਸੀ। ਸੋ ਇਖਲਾਖੀ ਪਾਬੰਦੀ ਦੇ ਤਹਿਤ ਦਾਸ ਵੱਲੋਂ ਭੀ ਉਨ੍ਹਾਂ ਨੂੰ ਧੰਨਵਾਦ ਸਹਿਤ ਦਿਲੀ ਮੁਬਾਰਕਬਾਦ।

# ਜੇ ਤਉ ਪ੍ਰਿਆ ਦੀ ਸਿਕ
# ਹਿਆਉ ਨਾ ਠਾਹੇ ਕਹੀਦਾ

ਵੱਲੋਂ - ਜੀ. ਐਸ. 'ਸੋਬਤੀ' ਹੋਡਲ

ਜਦੋਂ ਇਹ ਹਰਮਨ ਪਿਆਰੇ ਮੁਲਤਾਨੀ ਬੋਲੀ ਦੇ ਸੁੰਦਰ ਤੇ ਮਨ-ਖਿਚਵੇਂ ਸ਼ਬਦ ਪੜ੍ਹੀਏ ਅਥਵਾ ਸੁਣੀਏ ਤੇ ਅੱਖ ਦੇ ਫੋਰੇ ਮਾਤਰ ਆਪਣੇ ਨੇਤਰ ਮੀਚ ਕੇ ਆਪਣੇ ਮਨ ਵਿਚ ਵਿਚਾਰੀਏ ਜੋ ਕੀ ਇਸ ਅਸਾਡੀ ਜੀਂਦੀ ਜਾਗਦੀ, ਖਾਂਦੀ ਪੀਂਦੀ. ਚਲਦੀ ਫਿਰਦੀ, ਫਲਦੀ ਫੁਲਦੀ, ਮਾਤਲੋਕ ਵਿਚ, ਜਿਸਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ-

'ਇਹ ਜਗੁ ਸਚੇ ਕੀ ਹੈ ਕੋਠੜੀ
ਸਚੇ ਕਾ ਵਿਚਿ ਵਾਸ ।।'

ਦੀ ਪਦਵੀ ਦਿੱਤੀ ਹੈ । ਕੀ ਕੋਈ ਇਹੋ ਜਿਹਾ ਮਨੁਖ ਹੋ ਸਕਦਾ ਹੈ ਜਿਸਨੂੰ ਪਿਆ ਦੇ ਮਿਲਣ ਦੀ ਸਿਕ ਨਾ ਹੋਵੇ ? ਤਾਂ ਅਸਾਡਾ ਮਨ ਤੁਰੰਤ ਕਹਿ ਉਠਦਾ ਹੈ ਜੋ 'ਨਹੀਂ', ਇਹੋ ਜਿਹਾ ਕੋਈ ਮਨੁੱਖ ਨਹੀਂ ਹੋ ਸਕਦਾ ਜਿਸ ਨੂੰ ਆਪਣੇ ਪੀਆ ਦੇ ਮਿਲਣ ਦੀ ਸਿਕ ਨਾ ਹੋਵੇ। ਪਰ ਜੇਕਰ ਜ਼ਰਾ ਹੋਰ ਦੀਰਘ ਵਿਚਾਰ ਨਾਲ ਵੀਚਾਰ ਕੀਤਾ ਜਾਵੇ ਅਤੇ ਇਸ ਉਤਰ ਨੂੰ ਨਿਤਾ ਪਰਤੀ ਵਾਪਰ ਰਹੀਆਂ ਘਟਨਾਵਾਂ ਉਤੇ ਘਟ ਇਆ ਜਾਵੇ ਤਾਂ ਅਸਾਂ ਨੂੰ ਇਸ ਉਤਰ ਦੀ ਸਚਿਆਈ ਦਾ ਰੰਗ ਕੁਝ ਫਿੱਕਾ ਫਿੱਕਾ ਅਤੇ ਫਟਿਆ ਹੋਇਆ ਜਾਪਦਾ ਹੈ, ਅਤੇ ਇਸ ਦੇ ਹੇਠੋਂ ਮਨੁੱਖ ਦੀ ਕਾਲੀ ਕਾਲੀ, ਭੂੰਡੀ ਭੂੰਡੀ ਅਤੇ ਡਰਾਉਣੀ ਜਿਹੀ ਸੂਰਤ ਨਜ਼ਰ ਆਂਵਦੀ ਹੈ । ਇਹ ਉਹ ਲੋਕੀ ਹਨ; ਜਿਨ੍ਹਾਂ ਨੇ ਜੀਵਣ ਨੂੰ ਕੇਵਲ ਖਾਣ ਪੀਣ ਅਤੇ ਐਸ਼ ਕਰਨ ਲਈ ਹੀ ਸਮਝ ਰਖਿਆ ਹੈ । ਅਤੇ ਆਖਦੇ ਹਨ, 'ਅਜ ਖਾਹ ਤੇ ਭਲਕੇ ਖੁਦਾ, ਇਹ ਜੱਗ ਮਿੱਠਾ ਤੇ ਅਗਲਾ ਕਿੰਨ ਡਿੱਠਾ ਅਤੇ ਇਨ੍ਹਾਂ ਦੇ ਜੀਵਣ ਦਾ ਮਨੋਰਥ ਕੇਵਲ ਇਹ ਹੈ ਬਾਬਰ ਬਾ ਐਸ਼ ਕੋਸ਼ ਕਿ ਆਲਮ ਦੋਬਾਰਾ ਨੇਸਤ । ਜਿਸਦਾ ਭਾਵ ਇਹ ਜੋ ਬਾਬਰ ਬਾਦਸ਼ਾਹ ਆਖਦਾ ਹੈ 'ਮਨ ਤੂੰ ਐਸ਼ ਕਰ ਲੈ, ਮੁੜ ਮੁੜ ਇਸ ਦੁਨੀਆਂ ਵਿਚ ਨਹੀਂ ਆਵਣਾ । ਜਿਨ੍ਹਾਂ ਲੋਕਾਂ ਦਾ ਜੀਵਣ-ਮਨੋਰਥ ਇਹ ਹੋਵੇ, ਉਨ੍ਹਾਂ ਪਾਸੋਂ ਪੀਆ ਦੀ ਸਿਕ' ਦੀ ਆਸ ਰਖਣਾ ਭੁਲ ਨਹੀਂ ਤਾਂ ਹੋਰ ਕੀ ਹੋ ਸਕਦਾ ਹੈ ।

ਇਨ੍ਹਾਂ ਜੀਵਾਂ ਨੂੰ ਉਨ੍ਹਾਂ ਦੀ ਆਪਣੀ ਧੁਨ ਵਿਚ ਮਸਤ ਅਤੇ ਆਪਣਾ ਮਿਸ਼ਨ ਵਿਚ ਹੀ ਛਡਦੇ ਹਾਂ ਤੇ ਉਨ੍ਹਾਂ ਦੇ ਰੰਗ ਵਿਚ ਭੰਗ ਨ ਪਾਂਦੇ ਹੋਏ, ਦੂਜੇ ਪਾਸੇ ਵਲ ਜਦ ਝਾਤੀ ਮਾਰਦੇ ਹਾਂ ਤਾ ਅਸਾਂ ਨੂੰ ਉਹ ਜੀਵ ਨਜ਼ਰੀ ਪੈਂਦੇ ਹਨ, ਜਿਹੜੇ ਇਨ੍ਹਾਂ ਲੋਕਾਂ ਵਾਂਗ ਹੀ ਖਾਂਦੇ ਪੀਂਦੇ, ਜੀਂਦੇ ਜਾਗਦੇ, ਟੁਰਦੇ ਫਿਰਦੇ ਅਤੇ ਫੁਲਦੇ ਫਲਦੇ ਹਨ । ਪਰੰਤੂ ਉਨ੍ਹਾਂ ਦੇ ਹਿਰਦੇ ਇਨ੍ਹਾਂ ਵਰਗੇ ਕਾਲੇ ਨਹੀਂ, ਅਤੇ ਉਨ੍ਹਾਂ ਦਾ ਜੀਵਨ ਮਨੋਰਥ ਵੀ

ਵਿਨ੍ਹਾਂ ਤੋਂ ਅਡਰਾ ਹੈ। ਉਹ ਇਸ ਮਾਤ ਲੋਕ ਨੂੰ ਸਰਾਂ ਵਾਂਗ ਸਮਝਦੇ ਹਨ, ਅਤੇ ਇਸ ਜੀਵਣ ਦਾ ਮਨੋਰਥ 'ਨਾਨਕੁ ਲੀਨ ਭਿਉ ਗੋਬਿੰਦ ਸਿਉਂ ਜਿਉਂ ਪਾਨੀ ਸੰਗ ਪਾਨੀ' ਸਮਝਦੇ ਹਨ। ਅਸੀਂ ਇਨ੍ਹਾਂ ਬਾਰੇ ਕੁਝ ਵੀਚਾਰ ਕਰਾਂਗੇ, ਇਨ੍ਹਾਂ ਨਾਲ ਗੋਸ਼ਟ ਵੀਚਾਰ ਕਰਾਂਗੇ, ਇਨ੍ਹਾਂ ਦੀ ਸੰਗਤ ਵਿਚ ਬੈਠ ਕੇ ਇਨ੍ਹਾਂ ਮਹਾਂ ਪੁਰਸ਼ਾਂ ਪਾਸੋਂ ਕੁਝ ਲਾਭ ਪ੍ਰਾਪਤ ਕਰਾਂਗੇ। ਸਿਆਣਿਆਂ ਦਾ ਅਖਾਣ ਹੈ-'ਕੁਨਦ ਹਮ ਜਿਨਸ ਬਾ ਹਮ ਜਿਨਸ ਪਰਵਾਜ਼ ਕਬੂਤਰ ਬਾ ਕਬੂਤਰ ਬਾਜ਼ ਬਾ ਬਾਜ਼।

ਇਸ ਵਿਚ ਉੱਕਾ ਸ਼ਕ ਨਹੀਂ ਜੇ ਨੇਕੀ ਦਾ ਬੀਜ ਨਾਸ ਨਹੀਂ, ਅਤੇ ਇਸ ਮਾਤ ਲੋਕ ਵਿਚ ਉਹ ਜੀਵ ਵੀ ਹਨ ਜਿਨ੍ਹਾਂ ਨੂੰ ਪੀਆ ਦੀ ਸਿੱਕ ਹੈ, 'ਹੈਨ ਵਿਰਲੇ, ਨਾਹੀਂ ਘਣੇ ਫੈਲ ਫਕੜ ਸੰਸਾਰ' ਅਨੁਸਾਰ ਹੈਨ ਜ਼ਰੂਰ ਭਾਂਵੇਂ ਗਿਣਤੀ ਵਿਚ ਥੋੜ੍ਹੇ ਹਨ। ਅਸੀਂ ਇਨ੍ਹਾਂ ਦੀ ਸੰਗਤ ਕਰਨ ਦਾ ਯਤਨ ਕਰਾਂਗੇ। 'ਸਤਿ ਸੰਗਤ ਕੈਸੀ ਜਾਣੀਐ ਜਿਥੈ ਇਕੋ ਨਾਮ ਵਿਖਾਣੀਐ'। ਇਹ ਸਿਕ ਕੋਈ ਨਵੀਂ ਪੈਦਾ ਨਹੀਂ ਹੋਈ, ਸਗੋਂ ਜਦ ਦੀ ਪ੍ਰਾਕਿਰਤੀ ਹੋਂਦ ਵਿਚ ਆਈ ਹੈ, ਇਹ ਮੌਜੂਦ ਹੈ, ਸਗੋਂ ਅਕਾਲ ਪੁਰਖ ਭਗਵਾਨ ਨੇ ਆਪਣੀ ਅੰਸ਼ ਨੂੰ ਮਨੁੱਖੀ ਰੂਪ ਦੇ ਕੇ ਇਸ ਮਾਤ ਲੋਕ ਵਿਚ ਭੇਜਿਆ ਹੈ, ਅਤੇ ਇਸ ਨੂੰ ਆਗਿਆ ਕੀਤੀ ਹੈ ਮਾਤ ਲੋਕ ਦੀ ਸਫਲ ਯਾਤਰਾ ਮਗਰੋਂ ਆਪਣੀ ਅਸਲ ਨੂੰ ਨ ਭੁਲਦੇ ਹੋਏ ਵਾਪਸ ਆਪਣੀ ਅੰਸ਼ ਵਿਚ ਸਮਾਣਾ ਹੈ, ਇਹੋ ਕਾਰਨ ਹੈ ਜੋ ਜੁਗਾਂ ਜੁਗਾਂਤਰਾਂ ਤੋਂ ਰਿਸ਼ੀ ਮੁਨੀ, ਤਪਸਵੀ ਸਾਧੂ, ਸੰਤ ਮਹਾਤਮਾ ਆਪਣਾ ਅਡਰੇ ਅਡਰੇ ਅਨੁਭਵਾਂ ਰਾਹੀਂ ਅਕਾਲ ਪੁਰਖ ਦੀ ਖੋਜ ਕਰਦੇ ਰਹੇ ਹਨ। ਭਾਵੇਂ ਇਨ੍ਹਾਂ ਦੇ ਸਾਧਨ ਇਕੋ ਜਿਹੇ ਨਹੀਂ ਸਨ ਪਰ ਨਿਸ਼ਾਨਾ ਸਭ ਦਾ ਇੱਕੋ ਇੱਕ ਅਤੇ ਸਾਂਝਾ ਸੀ, ਉਹ ਸੀ ਪੀਆ ਮਿਲਣ ਦੀ ਸਿਕ। ਭਾਵੇਂ ਰਸਤੇ ਵਖੋ ਵਖ ਸਨ। ਕਿਸੀ ਨੇ ਖੂਹ ਵਿਚ ਪੁੱਠਾ ਲਟਕਣਾ ਹੀ ਸਾਧਨ ਬਣਾਇਆ ਤੇ ਕਿਸੀ ਨੇ ਤਿਆਗ ਅਤੇ ਸੰਨਿਆਸ ਵਿਚ ਹੀ ਰਬ ਨੂੰ ਵੇਖਿਆ, ਧੰਨੇ ਨੇ ਪਥਰ ਵਿਚੋਂ ਹੀ ਰਬ ਨੂੰ ਪਾਇਆ। ਅਤੇ ਕਿਸੀ ਨੇ 'ਨਿਵਲ ਭੁਅੰਗਮ ਸਾਧੇ' ਹੀ ਰਬ ਨੂੰ ਮਿਲਣ ਦੀ ਪੌੜੀ ਸਮਝੀ। ਪਰ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਇਸ ਭਟਕਦੀ ਤੇ ਜਲੰਦੀ ਦੁਨੀਆਂ ਨੂੰ ਸੌਖਾ ਤੇ ਸਿਧਾ ਮਾਰਗ ਗ੍ਰਿਹਸਤ ਦਰਸਾਇਆ। ਅਤੇ ਦੂਜੇ ਪਖੰਡਾਂ ਦੀ ਨਖੇਧੀ ਕੀਤੀ। ਹਸੰਦਿਆਂ ਖਿਲੰਦਿਆਂ ਵਿਚੇ ਹੋਵੇ ਮੁਕਤਿ ਮਹਾਂ ਵਾਕ ਦੇ ਅਧਾਰ ਉਤੇ ਦੁਨੀਆਂ ਵਿਚ ਰਹੋ, ਨੇਕ ਕਮਾਈ ਕਰੋ, ਵੰਡ ਛਕੋ, 'ਘਟ ਘਾਲ ਕਿਛ ਹਥੋਂ ਦੇਹੁ, ਨਾਨਕ ਰਾਹ ਪਛਾਣੇ ਏਹੁ' ਦੀ ਸਿਖਿਆ ਦਿੱਤੀ। ਦੁਨੀਆਂ ਦੇ ਲੋਕਾਂ ਨੂੰ ਇਸ ਗਾਡੀ ਰਾਹ ਤੇ ਤੁਰਨ ਦੀ ਪਰੇਰਨਾ ਕੀਤੀ। ਹਿਆਉ ਨਾ ਠਾਹਿ ਕਹੀਦਾ ਤਾਂ ਪ੍ਰਿਆ ਦੀ ਪਰਾਪਤੀ ਕੋਈ ਦੂਰ ਨਹੀਂ, ਅਤੇ ਭਗਵਾਨ ਦੇ ਪੈਦਾ ਕੀਤੇ ਬੰਦਿਆਂ ਦੀ ਸੇਵਾ ਕਰੋ, ਇਸ ਤੇ ਇਕ ਉਦਾਹਰਣਾਂ ਯਾਦ ਆਈ ਹੈ।

ਅਬੂ ਬਿਨ ਆਦਮ ਇਕ ਰਾਤ ਨੂੰ ਸੁਪਨੇ ਵਿਚ ਕੀ ਵੇਖਦੇ ਹਨ ਕਿ ਉਨ੍ਹਾਂ ਦਾ ਕਮਰਾ ਨੂਰ ਨਾਲ ਜਗ ਮਗ ਕਰ ਰਿਹਾ ਹੈ। ਅਤੇ ਪਾਸ ਹੀ ਇਕ ਫਰਿਸ਼ਤਾ ਬੈਠਾ ਆਪਣੀ ਕਿਤਾਬ ਤੇ ਕੁਝ ਲਿਖ ਰਿਹਾ ਹੈ, ਆਦਮ ਨੇ ਡਰਦਿਆਂ ਹੋਇਆਂ ਪਰ ਹੌਂਸਲੇ

ਨਾਲ ਪੁਛਿਆ ਤੁਸੀਂ ਕੌਣ ਹੋ ਅਤੇ ਇਥੇ ਬੈਠੇ ਕੀ ਲਿਖ ਰਹੇ ਹੋ ? ਫਰਿਸ਼ਤੇ ਨੇ ਉਤਰ ਵਜੋਂ ਕਿਹਾ ਡਰੋ ਨਹੀਂ, ਅਕਾਲ ਪੁਰਖ ਨੇ ਰਬ ਦੇ ਪਿਆਰਿਆਂ ਦੀ ਲਿਸਟ ਤਿਆਰ ਕਰਨ ਲਈ ਮੈਨੂੰ ਭੇਜਿਆ ਹੈ। ਤਾਂ ਅਬੂ ਬਿਨ ਆਦਮ ਜੀ ਨੇ ਹੋਰ ਨਿਮਰਤਾ ਤੇ ਉਤਸੁਕਤਾ ਨਾਲ ਪੁੱਛਿਆ, ਕੀ ਮੇਰਾ ਨਾਉਂ ਵੀ ਇਹਨਾਂ ਵਿਚ ਹੈ ਕਿ ਨਹੀਂ, ਤਾਂ ਉਸ ਤੋ ਉਤਰ ਦਿੱਤਾ ਜੋ ਮੈ ਅਫਸੋਸ ਨਾਲ ਕਹਿੰਦਾ ਹਾਂ ਜੋ ਆਪ ਜੀ ਦਾ ਨਾਉਂ ਇਥੇ ਨਹੀਂ ਹੈ। ਤਾਂ ਅਬੂ ਬਿਨ ਆਦਮ ਨੇ ਬੜੀ ਧੀਰਜ ਨਾਲ ਬਿਨੇ ਕੀਤੀ ਜੋ ਜੇਕਰ ਮੇਰਾ ਨਾਉਂ ਇਸ ਸੂਚੀ ਪਤਰ ਵਿਚ ਨਹੀਂ ਤਾਂ ਕਿਰਪਾ ਕਰਕੇ ਤੁਸੀਂ ਮੇਰਾ ਨਾਉਂ ਉਨ੍ਹਾਂ ਵਿਚ ਲਿਖ ਲਵੋ ਜਿਹੜੇ ਰਬ ਦੇ ਪੈਦਾ ਕੀਤੇ ਹੋਏ ਬੰਦਿਆਂ ਦੀ ਸੇਵਾ ਕਰਦੇ ਹਨ। ਇਹ ਗਲ ਸੁਣਦਿਆਂ ਹੀ ਫਰਿਸ਼ਤਾ ਅਲੋਪ ਹੋ ਗਿਆ ਅਤੇ ਦੂਜੀ ਰਾਤ ਮੁੜ ਆ ਪਰਗਟ ਹੋਇਆ ਅਤੇ ਖੁਸ਼ੀ ਖੁਸ਼ੀ ਅਬੂ ਬਿਨ ਆਦਮ ਨੂੰ ਦਸਿਅ ਜੋ ਆਪ ਜੀ ਦਾ ਨਾਉਂ ਰਬ ਦੇ ਪਿਆਰਿਆਂ ਦੀ ਲਿਸਟ ਵਿਚ ਸਭ ਤੋਂ ਪਹਿਲੇ ਨੰਬਰ ਤੇ ਹੈ।

ਇਹ ਕਹਿਣਾ ਕਿ ਇਹ ਘਟਨਾ ਠੀਕ ਹੈ ਜਾਂ ਕਿਸੀ ਦੀ ਮਨੋ ਕਲਪਨਾ ਦਾ ਸਿੱਟਾ ਹੈ, ਅਸੰਭਵ ਹੈ ਪਰ ਇਹ ਮੰਨਣਾ ਹੀ ਪਵੇਗਾ ਜੋ ਜਿਸ ਨੂੰ ਪੀਆ ਦੇ ਮਿਲਣ ਦੀ ਸਿਕ ਹੋਵੇ, ਉਹ ਕਿਸੀ ਦਾ ਹੀਆ ਨ ਠਾਏ, ਸਗੋਂ ਰਬ ਦੇ ਬੰਦਿਆਂ ਨਾਲ ਪਿਆਰ ਕਰੇ। 'ਸਾਚ ਕਹੋ ਸੁਨ ਲੇਹੁ ਸਭੈ ਜਿਨ ਪਰੇਮ ਕੀਓ ਤਿਨ ਹੀ ਪ੍ਰਭ ਪਾਇਓ। ਅਤੇ ਇਸ ਗਰਿਸਤ ਵਿਚ ਹੀ ਰਹਿ ਕੇ ਦਸਾਂ ਨੋਹਾਂ ਦੀ ਕਿਰਤ ਕਰੇ, ਗਰੀਬ ਗੁਰੂਬੇ, ਸਾਧ ਅਭਿਆਗਤ ਦੀ ਸੇਵਾ ਕਰੇ 'ਖਟ ਘਾਲ ਕਿਛ ਹਥੋਂ" ਦੇਇ। ਨਾਨਕ ਰਾਹ ਪਛਾਣੇ ਏਹੁ' ਦੇ ਮਹਾਂ ਵਾਕ ਅਨੁਸਾਰ ਆਪਣਾ ਜੀਵਨ ਬਤੀਤ ਕਰਦਿਆਂ ਹੋਇਆਂ, ਨਾਨਕੁ ਲੀਨ ਭਿਉ ਗੋਬਿੰਦ ਸਿਉਂ ਜਿਉਂ ਪਾਨੀ ਸੰਗ ਪਾਨੀ ਦੇ ਮਨੋਰਥ ਨੂੰ ਪਰਾਪਤ ਕਰੇ।

ਗਿਆਨ ਅੰਮ੍ਰਿਤ ਜਨਵਰੀ 1986 ਸਫਾ 16-17

0 —

# ਪੁਰਾਤਨ ਸੰਗੀਤਕਾਰਾ ਦੀ ਦਾਸਤਾਨ

## (ਫ਼ਨਕਾਰ ਖ਼ਾਂ ਸਾਹਿਬ ਮੀਆਂ ਆਲਮਗੀਰ ਬੈਂਡ-ਮਾਸਟਰ)

(ਪਿਛਲੇ ਅੰਕ ਤੋਂ ਅੱਗੇ) — ਟੀ. ਸੀ. ਨਾਗਪਾਲ

ਹੁਣ ਦਾਸ ਉਨ੍ਹਾਂ ਦੀ ਅਸਲ ਕਲਾਕਾਰੀ ਦੀ ਮੁਹਾਰਤ ਵੱਲ ਕੁਝ ਬਿਆਨ ਕਰਦਾ ਹੈ; ਕਿਉਂਕਿ ਨਿਰਾ ਵਧੀਆ ਪੈਨੱ ਯਾ ਡਾਇਰੀ ਰੱਖਣ ਨਾਲ ਕੋਈ ਆਲਮ ਨਹੀਂ ਬਣ ਜਾਂਦਾ ਅਤੇ ਨਾ ਹੀ ਕੋਈ ਵਧੀਆ ਬਟੂਆ ਰੱਖਣ ਨਾਲ ਅਮੀਰ ਹੀ ਹੋ ਜਾਂਦਾ ਹੈ। ਆਪ ਜੀ ਜਦ ਬਰਾਤ ਨਾਲ ਝੂਮ ਝੂਮ ਕੇ 'ਵ ਠੁਮਕ ਠੁਮਕ ਹਲਕੇ ਕਦਮਾਂ ਨਾਲ ਕਲਾਸੀਕਲ ਰੰਗ ਵਿਚ ਰੰਗੀ ਆਪਣੀ ਕਲਾਰਨੈਟ ਵਜਾਉਂਦੇ ਅਤੇ ਫਿਰ ਆਪ ਜੀ ਨਾਲ ਆਪ ਜੀ ਦੇ ਮੁਨੀਟਰ ਟਾਈਪ ਕਲਾਰਨੈਟ ਕਲਾਕਾਰ ਪਿੱਛੇ ਪਿੱਛੇ ਸਾਥ ਦਿੰਦੇ ਤਾਂ ਇਕ ਦਿਲ ਖਿੱਚਵਾਂ ਅਜੀਬ ਜਿਹਾ ਨਜ਼ਾਰਾ ਹੀ ਬਣ ਜਾਂਦਾ। ਸ੍ਰੀ ਅੰਮ੍ਰਿਤਸਰ ਦਾ ਉਦੋਂ ਸ਼ਾਇਦ ਹੀ ਕੋਈ ਬੰਦਾ ਹੁੰਦਾ ਜੋ ਆਪ ਜੀ ਨੂੰ ਨਾ ਪਹਿਚਾਣਦਾ। ਫਿਰ ਕੰਨ ਰਸ ਦੇ ਯਾ ਜ਼ੌਕ ਸੌਕ ਵਾਲੇ ਲੋਕ ਆਪ ਜੀ ਨੂੰ ਰਾਹ ਜਾਂਦੇ ਕਦਮ ਕਦਮ ਤੇ ਰੋਕ ਕੇ ਇਨਾਮ ਇਕਰਾਮ ਦਿੰਦੇ। ਕਈ ਲੋਕ ਦੁਕਾਨਾਂ ਅੱਗੇ ਰੋਕ ਲੈਂਦੇ ਅਤੇ ਵਜਦ ਵ ਸਰੂਰ ਦਾ ਅਨੁਭਵ ਕਰਦੇ ਹੋਏ ਦਿਲੋਂ ਦਾਦ ਦਿੰਦੇ। ਆਪ ਜੀ ਉਪਰੋਂ ਹਸਬ-ਪਿਆਰ ਯਾ ਹਸਬ-ਤੌਫ਼ੀਕ ਮਾਇਆ ਨਿਛਾਵਰ ਕਰਦੇ। ਫਿਰ ਭੀ ਆਪ ਜੀ ਕਦੇ ਵੀ ਕਿਸੇ ਸਰੋਤੇ ਦੀ ਫ਼ੁਰਮਾਇਸ਼ ਤੇ ਅਮਲ ਨਹੀਂ ਸਨ ਕਰਦੇ। ਅਗਰ ਕੋਈ ਸਰੋਤਾ ਸੱਜਣ ਆਪ ਜੀ ਦੇ ਕੰਨ ਵਿਚ ਕੁਝ ਕਹਿ ਵੀ ਦਿੰਦਾ ਤਾਂ ਆਪ ਜੀ ਭਾਈ ਚਾਂਦ ਜੀ ਵਾਂਗ ਹੀ ਮੁਸਕਰਾ ਕੇ ਖੱਬੇ ਹੱਥ ਦੀ ਤਲੀ ਹਿਲਾ ਕੇ ਉਸ ਨੂੰ ਟਾਲ ਦਿੰਦੇ। ਭਾਵੇਂ ਫ਼ੁਰਮਾਇਸ਼ ਕਰਨ ਵਾਲਾ ਅਜਿਹਾ ਸ਼ਖ਼ਸ ਦੂਲਹੇ ਦਾ ਬਾਪ ਭੀ ਕਿਉਂ ਨਾ ਹੁੰਦਾ। ਕਿਉਂਕਿ ਆਪ ਜੀ ਕਿਹਾ ਕਰਦੇ ਸਨ ਕਿ ਅਸੀਂ ਫ਼ਨ ਦੇ ਗੁਲਾਮ ਹਾਂ। ਫ਼ਨ ਸਾਡਾ ਗੁਲਾਮ ਨਹੀਂ", ਜੋ ਸਰੋਤਿਆਂ ਸਾਮਈਨ ਦੇ ਕਹਿਣ ਤੇ ਬੇ ਮੌਕਾ ਮਹੌਲ ਜਿਧਰ ਮਰਜ਼ੀ ਇਸ ਨੂੰ ਅਸੀਂ ਧਕੇਲ ਦੇਈਏ। ਬਾਈ ਚਾਨਸ ਆਪ ਜੀ ਕਦੇ ਕਿਸੇ ਬਰਾਤ ਨਾਲ ਕਟੜਾ ਘਨੀਯਾਂ ਅੰਮਿਤਸਰ ਵੱਲੋਂ ਲੰਘ ਜਾਂਦੇ ਤਾਂ ਵੇਸਵਾਵਾਂ ਕੋਠਿਆਂ ਤੋਂ ਉਤਰ ਕੇ ਬਜ਼ਾਰ ਵੱਲ ਆਪਣੇ ਥੜ੍ਹਿਆਂ ਤੇ ਆ ਜਾਂਦੀਆਂ ਅਤੇ ਇਨ੍ਹਾਂ ਦੀਆਂ ਕਲਾਸੀਕਲ ਧੁਨਾਂ ਸੁਣ ਕੇ ਗਹਿਰੇ ਵਜ਼ਦ ਵਿਚ ਆ ਕੇ ਮੁਗਧ ਹੋ ਜਾਂਦੀਆਂ, ਝੂਮ ਉਠਦੀਆਂ ਅਤੇ ਕਲਬੀ-ਸਰੂਰ ਖ਼ੁਸ਼ੀ ਮਹਿਸੂਸ ਕਰਦੇ ਹੋਏ ਹੇਠ ਉੱਤੇ ਇਕ ਤੋਂ ਵੱਧ ਇਨ੍ਹਾਂ ਨੂੰ ਇਨਾਮ ਇਕਰਾਮ ਦਿੰਦੀਆਂ ਅਤੇ ਵਾਹ ਖ਼ਾਂ ਸਾਹਿਬ ! ਵਾਹ ਖ਼ਾਂ ਸਾਹਿਬ ਅਲੱਗ। ਇੰਜ ਇਨ੍ਹਾਂ ਨੂੰ ਬਦੋ ਬਦੀ ਰੋਕ ਕੇ ਹੋਰ ਦੇਰ ਤੋਂ ਦੇਰ ਕਰਾਈ ਜਾਂਦੀਆਂ। ਇਸ ਲੋੜੋਂ ਵੱਧ ਦੇਰੀ ਹੋ ਜਾਣ ਕਾਰਨ ਬਰਾਤ ਦੀ ਰੋਟੀ ਤਿਆਰ ਕਰਨ ਵਾਲੇ ਹਲਵਾਈ ਲੜਕੀ ਵਾਲੇ ਮਾਲਕਾਂ ਨੂੰ ਪਹਿਲੇ ਹੀ ਪੁੱਛ ਲੈਂਦੇ ਕਿ ਬਰਾਤ ਨਾਲ ਵਾਜਾ ਕਿਸਦਾ ਆ ਰਿਹਾ ਹੈ ? ਤਾਂ ਜੋ ਉਹ ਉਸੇ ਢੰਗ ਨਾਲ ਗਰਮ-ਕੋਸਾ ਖਾਣਾ ਜਿਵੇਂ ਭੀ ਸਮੇਂ ਅਨੁਸਾਰ ਲੋੜੀਂਦਾ ਹੋਵੇ, ਉਸੇ ਅਨੁਸਾਰ ਤਿਆਰ ਕਰਕੇ ਰੱਖਣ।

ਖ਼ਾਂ ਸਾਹਿਬ ਦੇ ਵਜਦੇ ਬੈਂਡ ਸਮੇਂ ਨਾ ਕਦੇ 'ਹੇ-ਜਮਾਲੋ' ਹੋਈ ਸੀ ਅਤੇ ਨਾ ਹੀ ਕਦੇ ਮੁੰਡਿਆਂ-ਬੱਚਿਆਂ ਦਾ ਰੌਲਾ ਰੱਪਾ। ਉਪਰੰਤ ਨਾ ਹੀ ਖਾਂ ਸਾਹਿਬ ਨੇ ਆਪਣੀ ਡਿਯੂਟੀ ਸਮੇਂ ਕਿਸੇ ਢੋਲੀ ਨੂੰ ਹੀ ਆਪਣੇ ਲਾਗੇ ਲੱਗਣ ਦਿੱਤਾ ਸੀ। ਭਾਵ ਕਿ ਖ਼ਾਂ ਸਾਹਿਬ ਭਾਈ ਚਾਂਦ ਜੀ ਵਾਂਗ ਹੀ ਬੜੇ ਗ਼ਯੂਰ Self-confidence ਦੇ ਮਾਲਕ ਅਤੇ ਕਲਾਕਾਰੀ ਦੇ ਪੱਖੋਂ ਬੜੇ ਪ੍ਰਭਾਵਸ਼ਾਲੀ ਬਾ-ਰੁਅਬ ਸ਼ਖ਼ਸ਼ੀਅਤ ਸਨ। ਫਿਰ ਭੀ ਜੋ ਲੋਕ ਇਲਮ-ਦੋਸਤੀ ਦੇ ਨਜ਼ਰੀਏ ਨਾਲ ਆਪ ਜੀ ਦੇ ਜ਼ਿਆਦਾ ਕਰੀਬ ਹੁੰਦੇ ਸਨ, ਆਪ ਜੀ ਭੀ ਉਹਨਾਂ ਨਾਲ ਖ਼ਲੂਸੇ ਦਿਲ ਨਾਲ ਪਿਆਰ ਮੁਹੱਬਤ ਰਖਦੇ ਸਨ, ਨਾਲੇ ਹਾਲਾਤ ਨਾਲ ਉਹ ਸਮਾਂ ਭੀ ਕੁਝ ਅਜਿਹਾ ਹੀ ਹੋ ਗਿਆ ਸੀ ਅਤੇ ਖ਼ਾਸ ਕਰ ਈਸ਼ਵਰ ਪ੍ਰਭੂ ਵੱਲੋਂ ਖਾਂ ਸਾਹਿਬ ਦਾ ਸਤਾਰਾ ਭੀ ਕੁਝ ਤੇਜ਼ ਸੀ ਕਿ ਜੋ ਭੀ ਅਮੀਰ ਯਾ ਖਾਂਦੇ ਪੀਂਦੇ ਲੋਕ ਇਜ਼ਤ ਨਾਲ ਆਪ ਜੀ ਨੂੰ ਬੁਲਾਉਂਦੇ ਉਹ ਆਪ ਜੀ ਉਪਰ ਕੋਈ ਅਹਿਸਾਨ ਨਹੀਂ ਸਨ ਕਰਦੇ ਬਲਕਿ ਉਹਨਾਂ ਨੂੰ ਦੁਨੀਆਂਦਾਰੀ ਅਤੇ ਸਮਾਜ ਵਿਚ ਆਪਣਾ Prestige ਕਾਇਮ ਰਖਣ ਲਈ ਖਾਂ ਸਾਹਿਬ ਨੂੰ ਬੁਕ ਕਰਕੇ ਖੁਸ਼ੀ ਨਾਲ ਯਾ ਮਜਬੂਰਨ ਰਖਣਾ ਹੀ ਪੈਂਦਾ ਸੀ।

ਡੋਲੀ ਸਮੇਂ ਆਪ ਜੀ ਕੁਝ ਅਜਿਹੀ ਵੈਰਾਗ-ਮਈ ਧੁਨ ਵਜਾਉਂਦੇ ਯਾ ਪਤਾ ਨਹੀਂ ਫ਼ਨਕਾਰੀ ਦਾ ਕੀ ਜ਼ਾਦੂ ਆਪਣੇ ਬੈਂਡ ਵਾਜੇ ਰਾਹੀਂ ਉੱਥੇ ਬਿਖੇਰਦੇ ਕਿ ਲੜਕੀ ਵਾਲੇ ਲੋਕ ਮਾਵਾਂ, ਭੈਣਾਂ, ਨੌ-ਜਵਾਨ ਬਹੂ ਬੇਟੀਆਂ ਤੇ ਹੋਰ ਮਰਦ ਅੰਗ ਸਾਕ ਵਾਲੇ ਆਏ ਗਏ ਨੇੜੇ ਦੂਰ ਦੇ ਰਿਸ਼ਤੇਦਾਰ ਲੜਕੀ ਵਾਲਿਆਂ ਦੇ ਅੱਡੇ ਤੇ ਟਪ ਟਪ ਅਥਰੂ ਕੇਰਨ ਲੱਗ ਪੈਂਦੇ। ਅਜਿਹਾ ਕਰਨਾ ਡੋਲੀ ਤੋਰਨ ਵਾਲਿਆਂ ਵੱਲੋਂ ਤਾਂ ਸਮਝ ਵਿਚ ਆਉਂਦਾ ਹੈ ਕਿਉਂਕਿ ਉਨ੍ਹਾਂ ਆਪਣੀ ਲਾਡਲੀ ਬੇਟੀ ਯਾ ਭੈਣ ਅਠਾਰ੍ਹਾਂ-ਵੀਹ ਸਾਲ ਪਾਲ ਪੋਸਕੇ ਦੂਜਿਆਂ ਦੇ ਹਵਾਲੇ ਕਰਨੀ ਹੁੰਦੀ ਹੈ ਪਰ ਨਾਲ ਉਹਨਾਂ ਲੋਕਾਂ ਦੀਆਂ ਅੱਖਾਂ ਭੀ ਸਜਲ ਪੁਰ-ਨਮ ਹੋ ਜਾਂਦੀਆਂ ਹਨ ਜੋ ਡੋਲੀ ਲੈ ਜਾ ਰਹੇ ਹੁੰਦੇ। ਇਹ ਕੁਝ ਅਜੀਬ ਜਿਹਾ ਲੱਗਦਾ। ਪਰ ਦਾਸ ਸਮਝਦਾ ਹੈ ਕਿ ਸ਼ਾਇਦ ਡੋਲੀ ਲੈ ਜਾ ਰਹੇ ਲੋਕਾਂ ਨੂੰ ਉਸ ਸਮੇਂ ਦੇਸ ਪ੍ਰਦੇਸ ਵਿਆਹੀਆਂ ਗਈਆਂ ਯਾ ਦੁਖੀ ਸੁਖੀ ਆਪਣੀਆਂ ਧੀਆਂ ਭੈਣਾਂ ਯਾਦ ਆ ਜਾਂਦੀਆਂ, ਜਾਂ ਪੈਰਾਂ ਤੇ ਸਾਲ ਛੇ ਮਹੀਨੇ ਵਿਚ ਕਿਸੇ ਨੇ ਆਪਣੀ ਧੀ ਭੈਣ ਵਿਆਹ ਕੇ ਇੰਜ ਦੂਜੇ ਘਰ ਟੋਰਨੀ ਹੁੰਦੀ। ਸੋ ਇੰਜ ਕੁਝ ਦੂਜਿਆਂ ਦੇ ਨੈਣ-ਤਰ ਦੇਖ ਕੇ ਉੱਥੇ ਮੌਜੂਦ ਹਰ ਸ਼ਖ਼ਸ ਮਾਈ ਭਾਈ ਦਾ ਇੰਜ ਵੈਰਾਗ ਵਿਚ ਮਨ ਭਰ ਆਉਂਦਾ ਅਤੇ ਸ਼ਾਇਦ ਹੀ ਕੋਈ ਪੱਥਰ ਦਿਲ ਐਸਾ ਵਿਅਕਤੀ ਹੁੰਦਾ ਜੋ ਖ਼ਾਂ ਸਾਹਿਬ ਦੇ ਪੈਦਾ ਕੀਤੇ ਅਜਿਹੇ ਮਾਹੌਲ ਤੋਂ ਮੁਤਾਸਰ ਨਾ ਹੁੰਦਾ।

ਉਸ ਦੌਰ ਵਿਚ ਅਕਸਰ ਹਿੰਦੂ ਸਿੱਖ ਸੱਜਣ ਬਰਾਤ ਹਮੇਸ਼ਾਂ ਰਾਤ ਨੂੰ ਹੀ ਚੜ੍ਹਾਂਦੇ। ਕਿਉਂਕਿ ਅਜਿਹਾ ਮੰਨਿਆ ਜਾਂਦਾ ਸੀ ਕਿ ਬਰਾਤ ਦੀ ਜੋ ਸ਼ੋਭਾ ਰਾਤ ਸਮੇਂ ਬਿਜਲੀ ਜਾਂ ਗੈਸਾਂ ਦੀ ਰੋਸ਼ਨੀ ਦੀ ਜਗ-ਮਗਾਹਟ ਵਿਚ ਹੁੰਦੀ ਹੈ, ਉਹ ਦਿਨ ਵੇਲੇ ਬਗੈਰ ਬਿਜਲੀ ਵ ਗੈਸ ਇਤਨੀ ਪ੍ਰਭਾਵਸ਼ਾਲੀ ਨਹੀਂ ਹੋ ਸਕਦੀ। ਅਲਬੱਤਾ ਸਾਡੇ ਮੁਸਲਮਾਨ ਭਾਈ

ਅਕਸਰ ਬਰਾਤ ਦਿਨ ਵੇਲੇ ਹੀ ਚੜ੍ਹਾਅ ਲਿਆ ਕਰਦੇ ਸਨ ਅਤੇ ਜੋ ਇੱਜ਼ਤ ਇਹਤਰਾਮ ਦਾਦ ਵ ਮਾਇਆ ਆਦਿਕ ਵਜ਼ਦ ਵਿਚ ਆ ਕੇ ਖੁਸ਼ੀ ਮਹਿਸੂਸ ਕਰਦੇ ਹੋਏ ਹਿੰਦੂ ਸਿੱਖ ਸੱਜਣਾਂ ਵੱਲੋਂ ਖਾਂ ਸਾਹਿਬ ਨੂੰ ਪ੍ਰਾਪਤ ਹੁੰਦੀ, ਇਸ ਦੇ ਮੁਕਾਬਲੇ ਸ ਡੇ ਮੁਸਲਮਾਨ ਭਾਈਆਂ ਤੋਂ ਆਪ ਜੀ ਨੂੰ ਘੱਟ ਹੀ ਮਾਣ ਇੱਜ਼ਤ ਅਤੇ ਮਾਇਆ ਪ੍ਰਾਪਤ ਹੁੰਦੀ। ਉਪਰੰਤ ਉਸ ਜ਼ਮਾਨੇ ਆਪ ਜੀ ਦੇ ਮਦੇ-ਮੁਕਾਬਿਲ ਲਾਹੌਰ ਵਿਖੇ ਇਕ ਹੋਰ ਅਜਿਹਾ ਉੱਘਾ ਬਰਾਸ-ਬੈਂਡ ਮਾਸਟਰ ਸੋਹਣੀ ਦਾ ਸੁਣਿਆ ਜਾਂਦਾ ਸੀ। ਪਰ ਦਾਸ ਨੇ ਇਸ ਸੱਜਣ ਨੂੰ ਨਾ ਕਦੇ ਤਕਿਆ ਸੀ ਅਤੇ ਨਾ ਹੀ ਇਨ੍ਹਾਂ ਦੇ ਬੈਂਡ ਦੀ ਫ਼ਨਕਾਰੀ ਹੀ ਦੇਖੀ ਯਾ ਸੁਣੀ ਸੀ। ਫਿਰ ਭੀ ਆਮ Public Opinion ਇਹ ਸੀ ਕਿ ਸੋਹਣੀ ਦਾ ਬੈਂਡ ਦਰਜਾ ਦੋਇਮ ਹੀ ਹੈ। This is without Prejudice. ਉਪਰੋਕਤ ਖਾਂ ਸਾਹਿਬ ਨੂੰ ਦਾਸ ਵਿਚੋਲੇ ਦੇ ਤੌਰ ਤੇ ਸਿਰਫ਼ ਇਕੋ ਚੱਕਰ ਹੀ ਕਿਸੇ ਦੋਸਤ ਸੱਜਣ ਦੀ ਜੰਜ ਤੇ ਹੀ ਬੁਲਾ ਸਕਿਆ ਸੀ। ਹਾਲਾਂਕਿ ਸਵ: ਭਾਈ ਚਾਂਦ ਜੀ ਨੂੰ ਦਾਸ ਕਈ ਦਰਜਨਾਂ ਥਾਵਾਂ ਤੇ ਭੇਜਦਾਂ ਯਾ ਭਿਜਵਾਂਦਾ ਰਿਹਾ ਸੀ। ਹਾਂ ਗੱਲਾਂ ਚੋਂ ਗੱਲ ਯਾਦ ਆ ਜਾਂਦੀ ਹੈ, ਇਕ ਵਾਰ ਤਾਂ ਭਾਈ ਚਾਂਦ ਜੀ ਦਾਸ ਨਾਲ ਕੁਝ ਨਰਾਜ਼ ਭੀ ਹੋ ਗਏ। ਕਿਸੇ ਖੁਸ਼ੀ ਸੁਖ ਸਹਿਜ ਦੇ ਸਮਾਗਮ ਤੇ ਦਾਸ ਨੇ ਭਾਈ ਚਾਂਦ ਜੀ ਨੂੰ ਇਕ ਘਰ ਵਿਖੇ ਭੇਜਿਆ ਤਾਂ ਉੱਥੇ ਜਗ੍ਹਾ ਤੰਗ ਸੀ ਅਤੇ ਮਹਿਮਾਨ ਰਿਸ਼ਤੇਦਾਰ ਮਾਈ ਭਾਈ ਜ਼ਿਆਦਾ ਸਨ। ਕਮਰੇ ਪਿੱਛੇ ਕਮਰੇ ਸਨ। ਸਬੱਬ ਨਾਲ ਮੂਹਰੇ ਅੱਗੇ ਅੱਗੇ ਸਭ ਬੀਬੀਆਂ ਭੈਣਾਂ ਬੈਠ ਗਈਆਂ ਤੇ ਵਿਚਕਾਰ ਭਾਈ ਸਾਹਿਬ ਲਈ ਕੀਰਤਨ ਸੰਬੰਧੀ ਜਗ੍ਹਾ ਵਿਛਾਈ ਗਈ ਅਤੇ ਪਿੱਛੇ ਮਰਦ ਸੱਜਣ ਬੈਠੇ ਸਨ। ਭਾਈ ਸਾਹਿਬ ਅਜਿਹਾ ਮਾਹੌਲ ਵੇਖ ਕੇ ਪ੍ਰੇਸ਼ਾਨ ਹੋ ਉਠੇ। ਦਾਸ ਨੂੰ ਇਸ਼ਾਰੇ ਨਾਲ ਬੁਲਾ ਕੇ ਕਹਿਣ ਲੱਗੇ "ਮੈਨੂੰ ਕਿੱਥੇ ਲਿਆ ਫਸਾਇਆ ਜੇ"। ਕਿਉਂਕਿ ਭਾਈ ਸਾਹਿਬ ਹਰ ਵਾਕਿਫ਼ ਬੇ-ਵਾਕਿਫ਼ ਸਰੋਤੇ ਦੀਆਂ, ਖੱਬੇ-ਸੱਜੇ; ਅੱਗੇ-ਪਿੱਛੇ, ਸਾਹਮਣੇ ਜਿਥੋਂ ਤੱਕ ਭੀ ਨਜ਼ਰ ਪੁੱਜੇ ਅੱਖਾਂ 'ਚ ਅੱਖਾਂ ਪਾ ਕੇ ਅਤੇ ਖੱਬੇ ਹੱਥ ਦੇ ਇਸ਼ਾਰੇ ਨਾਲ ਕੀਰਤਨ ਕਰਨ ਯਾ ਗਾਉਣ ਵਜਾਉਣ ਦੇ ਆਦੀ ਸਨ। ਸੋ ਅਜਿਹਾ ਐਸੇ ਮਾਹੌਲ ਵਿਚ ਨਿਭ ਨਹੀਂ ਸੀ ਸਕਦਾ। ਸੋ ਦਾਸ ਨੇ ਘਰ ਵਾਲਿਆਂ ਨੂੰ ਬੇਨਤੀ ਕਰਕੇ ਸੱਤ-ਅੱਠ ਭੈਣਾਂ ਨੂੰ ਥੋੜ੍ਹਾ ਥੋੜ੍ਹਾ ਪਿੱਛੇ ਹਟਾਇਆ ਅਤੇ ਇੰਜ ਉੱਥੇ ਕੁਝ ਮੁਖੀ ਮਰਦ ਸੱਜਣਾਂ ਨੂੰ ਬਠਾਇਆ ਤੇ ਤਦ ਭਾਈ ਸਾਹਿਬ ਨੇ ਕੀਰਤਨ ਆਰੰਭਿਆ। ਜੇਕਰ ਕਿਸੇ ਜਗ੍ਹਾ ਮਾਲਕਾਂ ਗੁਰੂ ਮਹਾਰਾਜ ਨੂੰ ਮੱਥਾ ਟੇਕਣ ਲਈ ਵਿਚੋਂ ਵਾਰ ਵਾਰ ਲੰਘਣ ਦਾ ਲਾਂਘਾ ਬਣਾਇਆ ਹੁੰਦਾ ਤਾਂ ਭਾਈ ਸਾਹਿਬ ਆਪ ਬੜੀ ਨਿਮਰਤਾ ਨਾਲ ਬੇਨਤੀ ਕਰਕੇ ਖੁਦ ਹੀ ਬੰਦ ਕਰਵਾ ਦਿੰਦੇ ਅਤੇ ਕਿਸੇ ਇਕ ਸਾਈਡ ਤੋਂ ਥੋੜ੍ਹਾ ਜਿਹਾ ਰਾਹ ਕਰਵਾ ਦਿੰਦੇ। ਭਾਵ ਕਿ ਭਾਈ ਸਾਹਿਬ ਕੀਰਤਨ ਦੀ ਡਿਯੂਟੀ ਸਮੇਂ ਕਿਸੇ ਕਿਸਮ ਦੀ ਵੀ ਕਾਂਣ ਕਸਰ ਬਰਦਾਸ਼ਤ ਨਹੀਂ ਸਨ ਕਰਦੇ ਅਤੇ ਐਵੇਂ ਚਲਾਵਾਂ ਕੰਮ ਕਰਨਾ ਤਾਂ ਆਪ ਜੀ ਦੀ ਜਨਮ-ਪਤਰੀ ਵਿਚ ਹੀ ਨਹੀਂ ਸੀ ਲਿਖਿਆ, ਭਾਵੇਂ ਕਿਸੇ ਜਗ੍ਹਾ ਵੀ ਡਿਊਟੀ ਤੇ ਕਿਉਂ ਨਾ ਹੁੰਦੇ ਅਤੇ ਹਾਜ਼ਰੀ ਵੀ ਭਾਵੇਂ ਬਹੁਤੀ ਹੁੰਦੀ ਯਾ ਥੋੜ੍ਹੀ।

ਹਾਂ ! ਦਾਸ ਨੇ ਦਿੱਲੀ ਕਲਕੱਤੇ ਬੰਬੇ ਭੀ ਕਈ ਬੈਂਡ ਵਾਜੇ ਵਾਲੇ ਸੁਣੇ ਲੇਕਿਨ ਸਵ: ਖਾਂ ਸਾਹਿਬ ਆਲਮਗੀਰ ਤਾਂ ਆਪਣੀ ਮਿਸਾਲ ਆਪ ਹੀ ਸਨ ! ਯਾਂ ਇਉਂ ਕਹਿ ਲਿਆ ਜਾਏ ਕਿ ''ਤੇਰੀ ਅਜ਼ੀਮ' (ਮਹਾਨ) ਫ਼ਨਕਾਰੀ ਪੇ ਕਤੱਨ ਕੋਈ ਨਕਾਬ (ਪਰਦਾ) ਨਹੀਂ ਥਾਂ । ਵਾਹ ਮੀਆਂ ਆਲਮਗੀਰ ਤੇਰਾ ਭੀ ਜਵਾਬ ਨਹੀਂ ਥਾਂ ।''

ਸੰਨ 1954-55 ਵਿਚ ਇਕ ਵਾਰ ਦਾਸ ਜਦ ਲਾਹੌਰ ਗਿਆ ਤਾਂ ਭਾਈ ਚਾਂਦ ਜੀ ਦੇ ਲੜਕੇ ਭਾਈ ਮੁਰਾਦ ਨਾਲ ਖ਼ਾਂ ਸਾਹਿਬ ਦੇ ਅੱਡੇ ਤੇ ਵੀ ਮਿਲਣ ਲਈ ਗਿਆ । ਉਦੋਂ ਦਾਸ ਦੇ ਨਾਲ ਦੋ ਸਾਥੀ ਹੋਰ ਭੀ ਅੰਮ੍ਰਿਤਸਰੋਂ ਲਾਹੌਰ ਗਏ ਸਨ । ਉਹ ਸਾਥੀ ਭੀ ਨਾਲ ਹੀ ਸਨ । ਉਨ੍ਹਾਂ ਦੇ ਅੱਡੇ ਤੋਂ ਪਤਾ ਲੱਗਾ ਕਿ ਆਪ ਜੀ ਬੈਂਡ ਸਣੇ ਕਿਸੇ ਬਰਾਤ ਨਾਲ ਗਏ ਹੋਏ ਹਨ । ਦੁਪਹਿਰ ਦਾ ਸਮਾ ਸੀ । ਉਨ੍ਹਾਂ ਦਾ ਬੰਦਾ ਸਾਨੂੰ ਉਸ ਜਾ ਰਹੀ ਬਰਾਤ ਵੱਲ ਹੀ ਲੈ ਗਿਆ । ਆਪ ਜੀ ਸਾਦਾ ਸ਼ਹਿਰੀ ਆਮ ਕਪੜਿਆਂ ਵਿਚ ਕੁੱਲੇ ਨਾਲ ਅੰਗੂਰੀ ਕਲਪ ਪਗੜੀ ਬੰਨ੍ਹੇ ਆਪਣੇ ਬੈਂਡ ਵਿਚ ਕਲਾਰਨੈਟ ਵਜਾਉਂਦੇ ਆਹਿਸਤਾ ਆਹਿਸਤਾ ਜਾ ਰਹੇ ਸਨ । ਸਾਨੂੰ ਦੇਖਦਿਆਂ ਸਾਰ ਕਲਾਰਨੈਟ ਆਪਣੇ ਕਿਸੇ ਆਦਮੀ ਦੇ ਹਵਾਲੇ ਕਰਕੇ ਬੈਂਡੋਂ ਬਾਹਰ ਆ ਗਏ ਅਤੇ ਮੁਸਕੁਰਾਂਦੇ ਹੋਏ ਦਾਸ ਨਾਲ ਬਗਲਗੀਰ ਹੋਏ । ਦਾਸ ਦੇ ਦੂਜੇ ਦੋ ਸਾਥੀਆਂ ਨਾਲ ਭੀ ਹੱਥ ਮਿਲਾਇਆ ਦੋ ਤਰਫ਼ਾ ਸੁੱਖ ਸਾਂਦ ਪੁੱਛੀ ਗਈ । ਖ਼ਾਂ ਸਾਹਿਬ ਨੇ ਆਪਣੇ ਆਦਮੀਆਂ ਦੇ ਥਰੂ ਸਾਨੂੰ ਤਿੰਨਾਂ ਨੂੰ ਆਪਣੇ ਅੱਡੇ ਤੇ ਪਹੁੰਚਾ ਕੇ ਥੋੜਾ ਕੁ ਸਮਾਂ ਉੱਥੇ ਇੰਤਜ਼ਾਰ ਕਰਨ ਲਈ ਬਹੁਤ ਪ੍ਰੇਰਿਆ ਪਰ ਸਾਡੇ ਕੋਲ ਸਮਾਂ ਘੱਟ ਸੀ । ਇਸ ਲਈ ਦਾਸ ਨੇ ਮੁਆਫ਼ੀ ਚਾਹੀ । ਫਿਰ ਕਹਿਣ ਲੱਗੇ ਕਿ ਮੈਂ ਇਸ ਟਾਈਮ ਥੋੜ੍ਹਾ ਕੁ ਸਮਾਂ ਹੀ ਇਸ ਬਰਾਤ ਵਿਚ ਪਾਬੰਦ ਹਾਂ । ਆਪ ਜੀ ਦੀ ਕੀ ਅਤੇ ਕਿਵੇਂ ਖਿਦਮਤ ਕਰਾਂ ? ਦਾਸ ਨੇ ਆਪ ਜੀ ਦਾ ਧੰਨਵਾਦ ਕੀਤਾ ਅਤੇ ਥੋੜ੍ਹਾ ਕੁ ਕਾਰ ਵਿਹਾਰ ਬਾਰੇ ਪੁੱਛਿਆ ਤਾਂ ਆਪ ਜੀ 'ਕੁਝ ਮਾਯੂਸੀ ਦੇ ਮੂਡ ਅਤੇ ਲਹਿਜੇ ਵਿਚ ਬੋਲੇ ਕਿ ਸ਼ਾਹ ਜੀ ! ਕੀ ਦਸੀਏ'? ਇਧਰ ਤਾਂ ਖੋਤਾ ਘੋੜਾ ਸਭ ਇੱਕੋ ਭਾਅ ਵਿਕਦਾ ਹੈ । ਜੋ ਅੰਮ੍ਰਿਤਸਰ ਸਾਡੀ ਕਦਰ-ਕੀਮਤ ਸੀ ਜਾਂ ਪੁੱਛ ਪ੍ਰਤੀਤ ਸੀ, ਉਹ ਉੱਥੇ ਹੀ ਸੀ । ਫਿਰ ਭੀ ਅੱਲਾ ਦੇ ਸਹਾਰੇ ਚੰਗਾ ਵਕਤ ਪਾਸ ਕਰ ਰਹੇ ਹਾਂ । ਵਾਜਿਹ ਰਹੇ ਕਿ ਭਾਈ ਚਾਂਦ ਜੀ ਉਮਰ ਵਿਚ ਦਾਸ ਨਾਲੋਂ ਬਾਰਾਂ ਕੁ ਸਾਲ ਵੱਡੇ ਸਨ ਅਤੇ ਖ਼ਾਂ ਸਾਹਿਬ ਭਾਈ ਚਾਂਦ ਜੀ ਤੋਂ ਲਗ ਭਗ ਦਸ ਕੁ ਸਾਲ ਵੱਡੇ ਸਨ । 'ਵ ਖ਼ਾਂ ਸਾਹਿਬ ਅਤੇ ਉਸਤਾਦੇ-ਆਜ਼ਮ ਭਾਈ ਲਾਲ ਜੀ ਦੀ ਉਮਰ ਲਗ-ਭਗ ਇਕੋ ਜਿਹੀ ਹੀ ਸੀ । ਫਿਰ ਭੀ ਸਾਲ ਦੋ-ਤਿੰਨ ਸਾਲ ਦਾ ਇਧਰ ਉਧਰ ਦਾ ਫਰਕ ਹੋ ਸਕਦਾ ਹੈ ।

ਖ਼ਾਂ ਸਾਹਿਬ ਆਲਮਗੀਰ ਦੇ ਇੱਥੋਂ ਚਲੇ ਜਾਣ ਨਾਲ ਦਾਸ ਵਰਗੇ ਬਹੁਤ ਸਰੋਤਿਆਂ ਨੂੰ ਬੜੀ ਸ਼ਿੱਦਤ ਦੀ ਜ਼ਿਹਨੀ-ਕੋਫ਼ਤ ਹੋਈ । ਆਪ ਜੀ ਜਦ ਸੰਨ 1947 ਤੋਂ ਇੱਥੋਂ ਲਾਹੌਰ (ਪਾਕਿਸਤਾਨ) ਚਲੇ ਗਏ ਤਾਂ ਸਮਝੋ ਆਪਣਾ ਇਹ ਆਰਟ ਹੁਨਰ ਯਾ ਫ਼ਨ ਭੀ Totally ਨਾਲ ਹੀ ਲੈ ਗਏ । ਆਪ ਜੀ ਪਾਨ ਬਹੁਤ ਜ਼ਿਆਦਾ ਚਬਾਇਆ

ਕਰਦੇ ਸਨ ਅਤੇ ਸੁਣਿਆ ਗਿਆ ਹੈ ਕਿ ਆਪ ਜੀ ਦੀ ਆਖ਼ਿਰੀ ਉਮਰ ਦੇ ਦੌਰ ਵਿਚ ਆਪ ਜੀ ਨੂੰ ਕੈਂਸਰ ਦੀ ਤਕਲੀਫ਼ ਹੋ ਗਈ ਸੀ। ਇਵੇਂ ਹੀ ਭਾਈ ਸਾਹਿਬ ਭਾਈ ਲਾਲ ਜੀ ਉਸਤਾਦੇ-ਆਜ਼ਮ ਨੇ ਆਪਣੀ 28-6-60 ਦੀ ਲੈਟਰ ਵਿਚ ਮੈਨੂੰ Inform ਕੀਤਾ ਸੀ ਕਿ "ਮੈਨੂੰ ਕਿਸੇ ਭਲੇ ਲੋਕ ਨੇ ਕੁਝ ਖੁਵਾ ਦਿੱਤਾ ਹੈ ਅਤੇ ਮੈਂ ਇਲਾਜ ਕਰਾ ਕਰਾਕੇ ਬਰਬਾਦ ਹੋ ਗਿਆ ਹਾਂ। ਮੈਂ ਹੁਣ ਗਾ ਨਹੀਂ ਸਕਦਾ ਕਿਉਂਕਿ ਗਲਾ ਕੰਮ ਨਹੀਂ ਕਰਦਾ ਅਤੇ ਇਸੇ ਲਈ ਅੰਮ੍ਰਿਤਸਰ ਭੀ ਨਹੀਂ ਆਉਂਦਾ।"

ਦੁਨੀਆਂ ਵੀ ਰੰਗ-ਬਰੰਗੀ ਹੈ, "ਇਕ ਵੋਹ ਹੈਂ ਜੋ ਮਰਤੇ ਹੈਂ ਤੇਰੇ ਦੀਦਾਰ ਕੋ। ਇਕ ਵੋਹ ਹੈਂ ਜੋ ਤੁਮਹੇ ਜੀਨੇ ਭੀ ਨਹੀਂ ਦੇਤੇ।" ਇਸੇ point ਤੇ ਦਾਸ ਨੂੰ ਇੱਕ ਉਰਦੂ ਸ਼ੇਅਰ ਯਾਦ ਆ ਗਿਆ :

"ਐ ਆਸਮਾਂ ਕੇ ਖ਼ੁਦਾ-ਵੰਦਾ, ਹਮ ਤੁਝ ਸੇ ਨਹੀਂ ਡਰਦੇ।
ਡਰਤੇ ਹੈਂ ਤੇਰੇ ਬੰਦੋਂ ਸੇ, ਜੋ ਰਹਿਤੇ ਹੈਂ ਜ਼ਮੀਂ ਪਰ।"

ਭਾਵ ਕਿ ਅਸੀਂ ਪ੍ਰਭੂ ਤੋਂ ਇਸ ਲਈ ਨਿਡਰ ਅਤੇ ਬੇ ਖ਼ੌਫ਼ ਨਹੀਂ ਹੋ ਗਏ ਕਿ ਅਸੀਂ ਸਰੱ-ਕੱਸ਼ ਬੇ-ਲਗਾਮ ਅਤੇ ਨਾ-ਫ਼ਰਮ-ਬਰਮਾਦ ਹੋ ਗਏ ਹਾਂ, ਬਲਕਿ ਇਸ ਲਈ ਨਿਡਰ ਹੋ ਗਏ ਹਾਂ ਕਿ ਤੂੰ ਤਾਂ ਨਿਹਾਇਤ ਰਹੀਮੋ-ਕਰੀਮ ਹੈਂ, ਬਖਸ਼ਿੰਦ ਹੈਂ, ਚਸ਼ਮਾਂਏ ਰਹਿਮਤ ਹੈਂ। ਸਾਡੀਆਂ ਰਾਤ ਦਿਨ ਦੀਆਂ ਕੀਤੀਆਂ ਗਲਤੀਆਂ ਬੁਰਾਈਆਂ ਨੂੰ ਮੁਆਫ਼ ਕਰ ਦੇਣ ਵਾਲਾ ਹੈਂ। ਤੇਰੀ ਆਸਮਾਨੀ ਮਖ਼ਲੂਕ ਸੂਰਜ ਚੰਦ ਆਦਿਕ ਭੀ ਹਨ : ਤੇਰੇ ਭੈ ਦੇ ਅਤੇ ਹੁਕਮ ਦੇ ਬੱਧੇ ਆਪਣੀ ਨਿਤ ਪ੍ਰਤੀ ਜ਼ਿੰਮੇ ਲੱਗੀ ਕਾਰ ਵਿਚ ਮਸਰੂਫ਼ "ਭੈ ਵਿਚ ਸੂਰਜ ਭੈ ਵਿਚਿ ਚੰਦ। ਕੋਹ ਕਰੋੜੀ ਚਲਤ ਨ ਅੰਤ।" ਪਰ ਤੇਰੀ ਜ਼ਮੀਨ ਤੇ ਰਹਿ ਰਹੀ ਮਖਲੂਕ (ਬੰਦਿਆਂ) ਤੋਂ ਜ਼ਰੂਰ ਅਸੀਂ ਡਰਦੇ ਹਾਂ। ਸੋ ਐ ਪ੍ਰਭੂ ਤੂੰ ਇਹਨਾ ਦੇ ਸਖਤ ਹਿਰਦਿਆਂ ਨੂੰ ਭੀ ਮੋਮ-ਵਤ ਕਰਦੇ ਅਤੇ ਦੂਵਤਾ ਬਖ਼ਸ਼ (ਆਮੀਨ) ਵਾਹ ਭਾਈ ਲਾਲ ਤੇਰਾ ਇਖਲਾਕ! ਜਿਸ ਬੰਦੇ ਨੇ ਆਪ ਜੀ (ਇਕ ਮਹਾਨ ਉਸਤਾਦ) ਦਾ ਗਲਾ ਹਮੇਸ਼ਾਂ ਲਈ ਨਕਾਰਾ ਕਰ ਦਿੱਤਾ, ਆਪ ਉਸ ਨੂੰ ਫਿਰ ਭੀ ਭਲਾ ਲੋਕ ਹੀ (ਮੈਨੂੰ) ਲਿਖ ਰਖੇ ਹੋ। ਇਹ ਲੈਟਰ ਦਾਸ ਪਾਸ ਮੌਜੂਦ ਹੈ।

ਖਾਂ ਸਾਹਿਬ ਬਰਾਤ ਚੜ੍ਹੀ ਸਮੇਂ ਜਦੋਂ ਬਾਜ਼ਾਰ 'ਚੋਂ ਲੰਘਦੇ ਅਤੇ ਰਸਤੇ ਵਿਚ ਕੋਈ ਧਰਮ ਆਸਥਾਨ ਆ ਜਾਂਦੇ ਤਾਂ ਆਪ ਭਰਵੀਂ ਕਲਾਸੀਕਲ ਰੰਗ ਦੀ ਕਲਾਰਨੈਟ ਵਜਾਉਂਦੇ ਸਲਾਮੀ ਦੇ ਕੇ ਲੰਘਦੇ। ਹੁਣ ਤਕ ਤਾਂ ਕੋਈ ਮਾਂ ਦਾ ਲਾਲ ਆਪ ਜੀ ਜੈਸਾ ਹੁਨਰਮੰਦ ਪੈਦਾ ਨਹੀਂ ਹੋਇਆ ਜੋ ਕਿ ਆਪ ਜੀ ਨੂੰ Replace ਕਰ ਸਕੇ। ਅੱਲਾ-ਤਾਲਾ ਆਪ ਜੀ ਨੂੰ ਜੰਨਤ ਨਸੀਬ ਕਰੇ। ਆਪ ਜੀ ਦੇ ਬੱਚੇ ਇਹ ਕਿੱਤਾ ਯਾ ਧੰਧਾ ਕਰ ਰਹੇ ਹਨ। ਉਹ ਲਾਹੌਰ ਵਿਖੇ ਇਸ ਟਾਈਮ ਮੌਜੂਦ ਹਨ। ਹਾਂ ਖਾਂ ਸਾਹਿਬ ਨਾਲ ਤਾਂ ਦਾਸ ਦੀ ਕੋਈ Direct ਖਤੋ-ਕਿਤਾਬਤ ਨਹੀਂ ਹੋਈ। ਬਲਕਿ ਭਾਈ ਚਾਂਦ ਜੀ ਦੇ ਲੜਕਿਆਂ

ਦੀ ਮਾਰਫਤ ਦਾਸ ਤਕਰੀਬਨ ਹਰ ਉੱਘੇ ਰਬਾਬੀ ਬਾਰੇ ਆਪਣੀ ਲੈਟਰ ਰਾਹੀਂ ਪੁੱਛ-ਪ੍ਰਤੀਤ ਕਰਦਾ ਰਿਹਾ ਹੈ ਅਤੇ ਖਾਂ ਸਾਹਿਬ ਬਾਰੇ ਭੀ। ਇੰਜ ਸਭ ਰਬਾਬੀ ਸੱਜਣਾਂ ਬਾਰੇ ਹਾਲਾਤ ਅਨੁਸਾਰ ਜਵਾਬ ਭੀ ਆਉਂਦੇ ਰਹੇ ਹਨ ਅਤੇ ਖਾਂ ਸਾਹਿਬ ਭੀ ਭਾਈ ਮੁਰਾਦ ਰਾਹੀਂ ਲਿਖਵਾ ਭੇਜਦੇ ਕਿ ਮੇਰੇ ਵੱਲੋਂ ਬਹੁਤ ਨਮਸਕਾਰ। ਸ ਭਾਈ ਚਾਂਦ ਜੀ ਦੇ ਦੋਨਾਂ ਲੜਕਿਆਂ ਦੀਆਂ ਇਹ ਲੈਟਰਾਂ ਭੀ ਮੌਜੂਦ ਹਨ।

ਆਖੀਰ ਵਿਚ ਦਾਸ ਆਪਣੇ ਪਿਆਰੇ ਪਾਠਕਾਂ ਅਤੇ ਪ੍ਰਬੰਧਕਾਂ ਦੀ ਸੇਵਾ ਵਿਚ ਅਰਜ਼ ਕਰਨਾ ਚਾਹੇਗਾ ਕਿ ਜੇ ਕਰ ਵਾਹਿਗੁਰੂ ਸਰੀਰ ਸੁਸਥ ਰਖਿਆ ਤਾਂ ਅਗਲੇ ਮਜਮੂਨ ਵਿਚ ਦਾਸ ਪੁਰਾਤਨ ਸਨਮਾਨ-ਯੋਗ ਰਾਗੀ ਸੱਜਣਾਂ ਬਾਰੇ ਭੀ (ਜੋ ਕਿ ਆਪਣੇ ਸਮੇਂ ਦੇ ਉੱਘੇ ਉੱਘੇ ਪ੍ਰਭਾਵਸ਼ਾਲੀ ਹੋਣਗੇ, ਕੁਝ ਜ਼ਿਕਰ ਕਰੇਗਾ। ਕਿਸੇ ਹੋਈ ਭੁੱਲ ਬਾਰੇ ਖਿਮਾਂ ਦਾ ਜਾਚਿਕ ਹਾਂ। ਆਪ ਸਭ ਸੱਜਣਾਂ ਦਾ ਧੰਨਵਾਦ।

—0—

# ਸੰਗੀਤ ਮਤ

—ਬੇਦੀ ਲਾਲ ਸਿੰਘ ਸਾਹਿਤਕਾਰ
ਸੰਪਾਦਕ ਨਿਰਗੁਨੀਆਰਾ ਅੰਮ੍ਰਿਤਸਰ

(ਪਿਛਲੇ ਅੰਕ ਤੋਂ ਅੱਗੇ)

ਪਰ ਅਸੀਂ ਰਾਗਾਂ ਪ੍ਰਤੀ ਭਾਵੇਂ ਸੰਖੇਪ ਰੂਪ ਵਿਚ ਹੀ ਲਿਖੀਏ ਤਾਂ ਵੀ ਸਾਰੇ ਮਤਾਂ ਦੇ ਨਿਚੋੜ ਦਾ ਇਕ ਮਹਾਨ ਗ੍ਰੰਥ ਬਣਦਾ ਹੈ। ਪਹਿਲਾਂ ਅਸੀਂ ਗੁਰਮਤ ਸੰਗੀਤ ਦੇ ਕੁਝ ਨੁਕਤੇ ਅੰਕਿਤ ਕਰਦੇ ਹਾਂ :

1. ਗੁਰਮਤ ਸੰਗੀਤ ਦੇ ਮੋਢੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਸਨ।

2. ਸੰਮਤ ੧੫੬੪ ਵਿਚ ਸੁਲਤਾਨ ਪੁਰ ਲੋਧੀ (ਕਪੂਰਥਲੇ) ਦੇ ਜੰਗਲ ਵਿਚ ਵੇਈਂ ਨਦੀ ਦੇ ਕੰਢੇ ਭਾਈ ਮਰਦਾਨੇ ਨੂੰ ਆਪਣੀ ਵਿਉਂਤ ਦਾ ਬਣਾਇਆ ਰਬਾਬ ਬਖਸ਼ਿਆ ਤੇ ਕੀਰਤਨ ਕਰਨ ਦਾ ਵਰ ਦਿੱਤਾ। (ਗੁਰਮਤਿ ਸੰਗੀਤ ਪੰਨਾ ੩੭)

ਗੁਰਮਤ ਵਿਚ ਇਹਨਾਂ ਸਾਜ਼ਾਂ ਦੇ ਵਜਾਉਣ ਦੀ ਆਗਿਆ ਹੈ :

1. ਰਬਾਬ 2. ਸਰੰਦਾ 3. ਤਾਊਸ 4. ਵਾਜੇ ਜੋੜੀਆਂ
5. ਢੋਲਕ 6. ਕੈਂਸੀਆਂ ਛੈਣੇ 7. ਭੇਰੀ 8. ਕਿਹ ਸਿੰਘ 9. ਨੌਬਤ

3. ਰਾਗਾਂ ਦੇ ਸਤ ਅਧਿਆਇ ਹਨ, ਪਰ ਗੁਰਮਤ ਵਿਚ ਛੇ ਅਧਿਆਇ ਹੀ ਮੰਨੇ ਜਾਂਦੇ ਅਤੇ ਪ੍ਰਚਲਿਤ ਹਨ। ਸੱਤਵੇਂ, ਨ੍ਰਿਤ ਅਧਿਆਇ ਦੀ ਗੁਰਮਤ ਵਿਚ ਉੱਕੀ ਹੀ ਮਨਾਹੀ ਹੈ। ਰਾਗ ਦੇ ਛੇ ਅਧਿਆਇ ਇਹ ਹਨ :

1) ਸੁਰ 2) ਰਾਗ 3) ਬੰਦਸ਼ 4) ਪ੍ਰਬੰਧ 5. ਪ੍ਰਕਰਿਨ
6. ਤਾਲ (ਗੁਰਮਤ ਸੰਗੀਤ ਪੰਨਾ 31)

4. ਵਿਸ਼ੇਸ਼ ਗੱਲ ਇਹ ਹੈ ਕਿ ਗੁਰਮਤ ਵਿਚ ਸਰਗਮਾਂ ਦਾ ਆਲਾਪ 'ਡੰਡਉਤ ਬੰਧਨ ਅਨਕ ਬਾਰ' ਤੇ ਗੁਣ ਨਿਧਾਨ ਤੋਂ ਹੁੰਦਾ ਹੈ।

5. ਜਿਸ ਸ਼ਬਦ ਦਾ ਆਰੰਭ ਕੀਤਾ ਜਾਵੇ ਉਸ ਦੀ ਸਮਾਪਤੀ ਜ਼ਰੂਰੀ ਹੈ। ਟੀ. ਵੀ. ਜਾਂ ਰੇਡੀਓ ਵਾਲੇ ਕਈ ਵਾਰ ਸਮੇਂ ਨੂੰ ਮੁੱਖ ਰੱਖ ਕੇ ਸ਼ਬਦ ਦੀ ਸਮਾਪਤੀ ਤੋਂ ਪਹਿਲਾਂ ਹੀ ਕੀਰਤਨ ਸਮਾਪਤ ਕਰ ਦਿੰਦੇ ਹਨ। ਅਜਿਹਾ ਕਰਨਾ ਕੀਰਤਨ ਦੀ ਤੌਹੀਨ ਹੈ।

6. ਗੁਰਮਤ ਦੇ ਆਧਾਰ ਤੇ ਹਰ ਤਖਤ, ਸ੍ਰੀ ਹਰਿਮੰਦਰ ਸਾਹਿਬ ਅਤੇ ਹੋਰ ਸਾਰੇ ਗੁਰਦੁਆਰਿਆਂ ਵਿਚ ਨਿਮਨ ਲਿਖਤ ਬਾਣੀਆਂ ਦਾ ਹੀ ਕੀਰਤਨ ਹੋਣਾ ਚਾਹੀਦਾ ਹੈ। ਕਿਉਂਕਿ ਇਹ ਬਾਣੀਆਂ ਹੀ ਪੰਥ ਵਿਚ ਕੀਰਤਨ ਹਿੱਤ ਪ੍ਰਵਾਨ ਹਨ :

1) ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ
2) ਕਲਗੀਧਰ ਜੀ ਦੀ ਬਾਣੀ

3) ਭਾਈ ਗੁਰਦਾਸ ਜੀ ਦੀ ਬਾਣੀ

4) ਭਾਈ ਨੰਦ ਲਾਲ ਜੀ ਦੀ ਬਾਣੀ

ਇਸੇ ਹੀ ਤਰ੍ਹਾਂ ਬਲਬਚਾਰੀਆਂ ਦੇ ਮੰਦਰਾਂ ਵਿਚ ਵੀ ਅਸ਼ਟ ਛਾਪ ਵਾਲੇ ਮਹਾਤਮਾਵਾਂ ਦੇ ਭਜਨ ਗਾਈਨ ਕੀਤੇ ਜਾਂਦੇ ਹਨ, ਜਿਵੇਂ :

1) ਸ੍ਰੀ ਸੂਰਦਾਸ ਜੀ 2. ਸ੍ਰੀ ਕ੍ਰਿਸ਼ਨ ਦਾਸ ਜੀ

3) ਸ੍ਰੀ ਸਤਿ ਸਵਾਮੀ ਜੀ 4) ਸ੍ਰੀ ਨੰਦ ਦਾਸ ਜੀ

5) ਸ੍ਰੀ ਪਰਮਾਨੰਦ ਜੀ 6) ਸ੍ਰੀ ਚਤੁਰ ਭੁਜ ਜੀ

7) ਸ੍ਰੀ ਵਿਆਸ ਜੀ 8) ਸ੍ਰੀ ਹਰੀਦਾਸ ਜੀ

(ਗੁਰੂ ਗ੍ਰੰਥ ਕੋਸ਼ ਪੰਨਾ ੮੮੧)

7. ਗੁਰਮਤ ਸਾਜ਼ਾਂ ਪ੍ਰਤੀ ਇਹ ਦੋਹਰਾ ਸਾਜ਼ਾਂ ਦਾ ਇਸ ਪ੍ਰਕਾਰ ਵਰਨਣ ਕਰਦਾ ਹੈ।

ਦੋਹਰਾ : ਤਤ ਤੰਤੀ ਬਿਤ ਚਰਮਕਾ ਘਨ ਕਾਂਸੀ ਕੋ ਜਾਨ।

ਘਟ ਮੁੱਖਰ ਸੂਧਨ ਸੁੱਖਰ ਬਾਦਸ ਪੰਚ ਪ੍ਰਵਾਨ।

ਅਰਥਾਤ : ਤਾਰਾ ਵਾਲੇ ਸਾਜ਼ਾਂ ਦੀ ਸੰਗਿਆ 'ਤਤ' ਹੈ ਜਿਵੇਂ :

ਜਿਵੇ' : 1. ਰਬਾਬ, ਸਤਾਰ, ਸਰੰਦਾ, ਸਰੋਦਾ, ਸੁਰੰਗੀ

2. 'ਬਿਤ'-ਚੰਮ ਨਾਲ ਮੜ੍ਹੇ ਸਾਜਾਂ ਦੀ ਸੰਗਿਆ ਬਿਤ ਹੈ।

3. 'ਘਨ'-ਪਿਤਲ ਤੇ ਕਾਂਸੀ ਦੇ ਸਾਜ਼ਾਂ ਦੀ ਸੰਗਿਆ ਘਨ ਹੈ।

4. 'ਘੜਾ'-ਹੱਥ ਨਾਲ ਤਾੜਿਨ ਕਰਕੇ ਸ਼ਬਦ ਉਤਪੰਨ ਕਰਨ ਵਾਲਿਆਂ ਸਾਜ਼ਾਂ ਦੀ ਸੰਗਿਆ ਘੜਾ ਹੈ।

5. ਮੂੰਹ ਨਾਲ ਬਾਂਸ ਦੀ ਲਕੜੀ ਦੇ ਜੋ ਸਾਜ ਸਾਹ ਦੁਆਰਾ ਵਜਾਏ

6. ਜਾਂਦੇ ਹਨ ਜ਼ਿਵੇਂ ਬੰਸਰੀ, ਅਲਗੋਜ਼ਾ, ਬੀਨ ਵੰਜਲੀ ਮੱਟੀਆ ਆਦਿ ਜੋ ਗੁਰੂ ਦਰਬਾਰ ਵਿਚ ਬਜਾਉਣੇ ਵਿਵਰਜਿਤ ਹਨ ਪਰ ਅਜ ਕਲ੍ਹ ਰੇਡੀਓ ਤੇ ਟੀ. ਵੀ. ਵਿਚ ਬੀਨ ਤੁਰੀ ਆਦਿ ਸਾਹ ਵਾਲੇ ਸਾਜ਼ ਵਜਾਏ ਜਾਂਦੇ ਹਨ। ਕਿਸੇ ਵੀ ਪੰਥਕ ਆਗੂ ਨੇ ਉਹਨਾਂ ਨੂੰ ਰੋਕਿਆ ਨਹੀਂ ਕਿਉਂ ? ਗੁਰੂ ਦਰਬਾਰ ਵਿਚ ਤਾਲੀ ਵਜਾਉਣੀ ਜਾਂ ਵਾਹ ਜੀ ਵਾਹ! ਆਦਿ ਸ਼ਬਦ ਵਰਤਣੇ ਵੀ ਮਨ੍ਹਾ ਹਨ।

ਗੁਰਮਤ ਤੋਂ ਸਿਵਾ ਹੋਰਨਾਂ ਮਤਾਂ ਵਿਚ ਕਰਨ ਪ੍ਰਬੰਧ ਦੇ ਅੱਠ ਭੇਦ ਲਿਖੇ ਹਨ ਜਿਵੇਂ : 1. ਸੁਰ ਕਰਣ 2. ਪਾਦ ਕਰਣ 3. ਬੰਸ ਕਰਣ 4. ਪਦ ਕਰਣ 5. ਤੇਨ ਕਰਣ 6, ਬਿਰਦ ਕਰਣ 7. ਚਿਤ੍ਰ ਕਰਣ 8. ਮਿਸਰ ਕਰਣ

**1. ਸੁਰ ਕਰਣ** : ਜਿੱਥੇ ਉਦਗਾਰ ਤੇ ਸੂਵ ਦੋਵੇਂ ਗਹਿਰੇ ਸੱਤਾਂ ਸੂਰਾਂ ਵਿਚ ਬੰਨ੍ਹੀਏ ਅਤੇ ਅਭੋਗ ਦਾ ਪਦ ਰਚਕੇ ਉਸ ਵਿਚ ਕਰਤਾ ਦਾ ਨਾਉਂ ਵੀ ਹੋਵੇ ਅਤੇ

ਜਿਸ ਸੁਰ ਵਿਚ ਚਾਹੋ ਉਸ ਵਿਚ ਗ੍ਰਹ ਕਰੀਏ ਅਤੇ ਅੰਤ ਸੁਰ ਵਿਚ ਨਯਾਸ ਹੋਵੇ, ਗਮਕ ਤਾਲ ਹੋਵੇ, ਇਸ ਨੂੰ ਸੁਰ ਕਰਨ ਕਹਿੰਦੇ ਹਨ। ਇਹ ਸੁਰ ਕਰਣ ਅਗਲੇ ਸੱਤਾਂ ਕਾਰਨਾਂ ਵਿਚ ਵੀ ਵਿਦਮਾਨ ਰਹੇਗਾ।

2. **ਪਾਦ ਕਰਣ :** ਇਸ ਦੇ ਦੋ ਭੇਦ ਹਨ। ਇਕ ਕਰਮ ਪਾਦ ਦੂਜਾ ਬਿਤਬਾਧ ਪਾਦ ਕਰਣ। ਜਿਥੇ ਸੰਗੀਤ ਸ਼ਾਸਤਰ ਅਨੁਸਾਰ ਕਰਮ ਤੇ ਉਦਗ੍ਰਾਹ ਵਿਚ ਸੁਰ ਅਤੇ ਸੁਰ ਵਿਚ ਪਾਟਾਛਰ (ਹਸਤਪਾਟ) ਹੋਣ ਉਹ ਕ੍ਰਮ ਪਾਦ ਕਰਣ ਹੈ। ਜਿਥੇ ਚਤੁਰਾਈ ਦਿਖਾਉਣ ਵਾਸਤੇ ਕੋਈ ਉਲਟੇ ਪੁਲਟੇ ਅੱਖਰ ਬੰਨ੍ਹੇ ਤਾਂ ਉਹ ਬਿਤਯਾਸ ਕਰਣ ਹੈ : ਜਿਹਾ ਕੁ ਉਦਗ੍ਰਾਹ ਵਿਚ ਪਾਟਾਛਰ ਅਤੇ ਸ੍ਰਵ ਵਿਚ ਸੁਰ ਰਚੇ। ਭਾਵ ਜਿਥੇ ਸੁਰਾਂ ਦਾ ਉਦਗ੍ਰਾਹ ਰਚੀਏ ਅਤੇ ਰਸਤਪਾਟ ਦਾ ਸ੍ਰਵ ਰਚੀਏ ਜੇਹਾ ਕੁ (ਮ੍ਰਿਦੰਗ ਵਿਚੋਂ "ਟਿਗ ਦਾਤਕ" ਥੋਂ ਹੁੰਦਾ ਹੈ। ਅਤਪਟ ਕਰਕੇ ਆਭੋਗ ਰਚੀਏ ਅਥਵਾ ਉਦਗ੍ਰਹਿ ਵਿਚ ਸੁਰ ਰਚੀਏ ਇਸ ਨੂੰ "ਪਾਟ ਕਰਣ" ਕਹਿੰਦੇ ਹਨ।

3. **ਬੰਧ ਕਰਣ :** ਜਿਥੇ ਡੂੰਘੇ ਸੁਰਾਂ ਵਿਚ ਉਦਗ੍ਰਹ ਰਚੀਏ ਅਤੇ ਮ੍ਰਿਦੰਗ ਦੇ ਪਾਟਾਛਰ ਵਿਚ ਸੁਰ ਰਚੀਏ ਅਥਵਾ ਉਦਗ੍ਰਹ ਸੁਰ ਵਿਚ ਗਹਿਰੇ ਸੁਰਾਂ ਨਾਲ ਬੰਨ੍ਹੇ ਸੋ ਬੰਧ ਕਰਣ ਹੈ।

4. **ਪਦ ਕਰਣ :** ਜਿਥੇ ਉਦਗ੍ਰਾਹ ਅਤੇ ਸ੍ਰਵ ਵਿਚ ਸੁਰ ਅਤੇ ਪਦ ਰਚੀਏ ਪਟ ਖੰਡ ਰਚਨਾ ਨਾਲ ਰਾਮ ਕ੍ਰਿਸ਼ਨ ਆਦਿਕ ਪਦਾਦਾ ਪ੍ਰਸੰਗ ਹੋਵੇ, ਉਸ ਨੂੰ ਪਟ ਕਰਣ ਕਹਿੰਦੇ ਹਨ।

5. **ਤੇਨ ਕਰਣ :** ਜਿਥੇ ਉਦਗ੍ਰਾਹ ਸੁਰਾਂ ਨਾਲ ਰਚੀਏ ਅਤੇ ਸ੍ਰਵ ਤੇਨਕ (ਤਾਨਾ ਕੀਹੀ ਤਾਂ ਨੋਮ ਆਦਿ ਕ, ਪਰੰਤੂ ਤਾ, ਨਾ, ਰੀ, ਸੁਰਾਂ ਨਾਲ ਭਰਪੂਰ ਹੋਣ ਸੋ ਤੇਨ ਕਰਣ ਹੈ।

6 **ਬਿਰਦ ਕਰਣ :** ਜਿਥੇ ਉਦਗ੍ਰਾਹ ਨੂੰ ਸੁਰਾਂ ਨਾਲ ਰਚ ਕੇ ਅਤੇ ਸ੍ਰਵ ਨੂੰ ਬਿਰਦ ਕਰਕੇ ਰਚੀਏ (ਬਿਰਦ ਇਸਟ ਅਥਵਾ ਰਾਜਾ ਦਾ ਬਲ, ਪ੍ਰਕ੍ਰਮ, ਜੱਸ ਵਡਿਆਈ) ਅਤੇ ਪਦ ਕਰਕੇ ਆਭੋਗ ਰਚੀਏ ਸੋ ਬਿਰਦ ਕਰਣ ਹੈ।

7. **ਚਿਤ੍ਰ ਕਰਣ :** ਜਿਥੇ ਉਦਗ੍ਰਾਹ ਵਿਚ ਸੁਰ ਅਤੇ ਪਾਟਾਛਰ ਹੋਣ ਅਤੇ ਸ੍ਰਵ ਵਿਚ ਸੁਰ ਤੇਨਾਛਰ, ਪਾਟਾਛਰ ਇਹ ਤਿੰਨੇ ਹੋਣ, ਸੋ ਚਿੱਤ੍ਰ ਕਰਣ ਹੈ।

8, **ਮਿਸਰ ਕਰਣ :** ਸੁਰ ਪਾਟਕ ਤੇਨਕ ਮਿਲੈ ਉਦਗ੍ਰਾਹ ਧ੍ਰੂ ਧ੍ਰਵ ਹੋਇ। ਮਿਸਰ ਕਰਣ ਯਾ ਕੋ ਕਹੈ ਜਜਾਨਤ ਯਾ ਹੋਇ।

ਜਿਥੇ ਉਦਗ੍ਰਾਹ ਵਿਚ ਸੁਰ ਤੇ ਤੇਨਾਛਰ ਪਾਟਾਛਰ ਹੋਣ ਅਤੇ ਧ੍ਰਵ ਵਿਚ ਵੀ ਸੁਰ, ਤੇਨਾਛਰ ਪਟਾਛਰ ਹੋਣ ਤਾਂ ਮਿਸਰ ਕਰਣ ਕਹੀਦਾ ਹੈ।

9. ਕਈ ਵਿਦਵਾਨ ਸਮਾਨ ਕਰਣ ਵੀ ਕਹਿੰਦੇ ਹਨ। ਜੈਸੇ :

ਰਚਨ ਹੈ ਆਭੋਗ ਕੀ ਪਦ ਹੀ ਸੋ ਸਭ ਠੋਰ ॥
ਗਾਨ ਭੇਦ ਸੋ ਹੋਤ ਹੈਂ ਭੇਦ ਬਿਨ ਕੋ ਔਰ ॥

**ਅਰਥ** : ਜੋ ਸਭ ਜਗਾਹ ਪਦ ਕਰ ਕੇ ਹੀ ਆਭੋਗ ਦੀ ਰਚਨਾ ਹੋਵੇ ਅਤੇ ਸੁਰ ਕਰਣ ਆਦਿਕ ਅੱਠ ਕਰਣਾ ਦੇ ਭੇਦ ਪ੍ਰਗਟ ਕਰਨੇ ਨੂੰ ਸੁਰ ਆਦਿਕ ਦੀ ਰਚਨਾ ਨਾ ਹੋਵੇ ਅਤੇ ਮੇਲ ਭੀ ਹੋਵੇ, ਪਰੰਤੂ ਰਾਗ ਦੇ ਗ੍ਰਹਿ ਸੁਰ ਵਿਚ ਗੀਤ ਦਾ ਆਰੰਭ ਹੋਵੇ, ਰਾਸ ਨਾਮੀ ਤਾਲ ਹੋਵੇ ਦ੍ਰੁਤ ਲੈਯ ਹੋਵੇ ਉਸ ਨੂੰ ਸਾਮਾਨਯ ਕਰਣ ਕਹੀਦਾ ਹੈ। ਇਹ ਨੌਵੇਂ ਕਰਣ ਮੰਗਲ ਆਰੰਭ ਤੇ ਆਨੰਦ ਬਰਧਨ ਅਤੇ ਕੀਰਤ ਲਹਿਰੀ ਤਿੰਨਾਂ ਨਾਲ ਮਿਲ ਕੇ ਸਤਾਈ ਰੂਪ ਹੋ ਜਾਂਦੇ ਹਨ। ਇਹਨਾਂ ਤਿੰਨਾਂ ਦੇ ਇਹ ਵਖਰੇ ਰੂਪ ਹਨ :

**ਪਹਿਲਾ ਮੰਗਲ ਆਰੰਭ** : ਜਿਥੇ ਇਹਨਾਂ ਕਰਣਾਂ ਦੇ ਉਦਗ੍ਰਾਹ ਦੂਹਰੀ ਵਾਰ ਗਾਏ ਜਾਣ ਅਤੇ ਧ੍ਰਵ ਆਭੋਗ ਇਕ ਵਾਰ ਗਾਵੀਏ ਫੇਰ ਧ੍ਰੂਵ ਆਭੋਗ ਨੂੰ ਇਕ ਵਾਰ ਗਾਉਂ ਕੇ ਬਿਸਰਾਮ ਕਰੀਏ। ਪਰੰਤੂ ਕਈ ਰਾਗੀ ਵਿਦਵਾਨਾਂ ਦਾ ਵਿਚਾਰ ਹੈ ਕਿ ਧ੍ਰਵ ਉਦਗ੍ਰਾਹ ਇਕੋ ਵਾਰੀ ਗਾਉਂ ਕੇ ਬਿਸਰਾਮ ਕਰੀਏ ਤਾਂ ਮੰਗਲਾਂ ਆਰੰਭ ਕਹਿੰਦੇ ਹਨ।

**2. ਆਨੰਦ ਬਰਧਨ** : ਜਿਥੇ ਉਦਗ੍ਰਾਹ ਧ੍ਰੂਵ ਦੋ ਵੇਰੀ ਗਾਵੀਏ ਅਤੇ ਧ੍ਰੂਵ ਦਾ ਪਿਛਲਾ ਅੱਧਾ ਖੰਡ ਇਕੋ ਵੇਰੀ ਗਾਵੀਏ ਫੇਰ ਅਭੋਗ ਧ੍ਰੂਵ ਉਦਗ੍ਰਾਹ-ਇਕ ਵਾਰ ਫੇਰ ਗਾਉਂ ਕੇ ਬਿਸਰਾਮ ਕਰੀਏ ਤਾਂ ਆਨੰਦ ਬਰਧਨ ਕਰੀਦਾ ਹੈ।

**3. ਕੀਰਤ ਲਹਿਰੀ** : ਜਿਥੇ ਉਦਗ੍ਰਾਹ ਦਾ ਦੂਜਾ ਖੰਡ ਧ੍ਰੂਵ ਦੇ ਖੰਡ ਦੀ ਜਗ੍ਹਾ ਰਚ ਕੇ ਪਹਿਲਾਂ ਹੀ ਸੰਪੂਰਨ ਰੀਤ ਨਾਲ ਗਾਵੀਏ ਸੋ ਕੀਰਤ ਲਹਿਰੀ ਹੈ।

# ਆਸਾ ਮਹਲਾ ੫ (੩੯੪)

ਹਰਿਭਜਨ ਸਿੰਘ
ਧੰਨਵਾਦ ਸਹਿਤ
ਮਾਸਟਰ ਨਿਹਾਲ ਸਿੰਘ ਜੀ

ਆਰੋਹ : ਸ ਰ ਮ ਪ ਧ ਸੰ ॥
ਅਵਰੋਹ : ਸੰ ਨ ਧ ਪ ਮ ਗ ਰ ਸ ॥
ਪਕੜ : ਪ ਧ ਪ ਮ ਗ ਰ, ਸ ਰ ਗ S ਰ ਸ ॥

ਹਰਿ ਕਾ ਨਾਮੁ ਰਿਦੈ ਨਿਤ ਧਿਆਈ । ਸੰਗੀ ਸਾਥੀ ਸਗਲ ਤਰਾਈ ॥੧॥
ਗੁਰੂ ਮੇਰੈ ਸੰਗਿ ਸਦਾ ਹੈ ਨਾਲੇ । ਸਿਮਰਿ ਸਿਮਰਿ ਤਿਸੁ ਸਦਾ ਸਮਾਲੇ ॥੧॥ ਰਹਾਓ॥
ਤੇਰਾ ਕੀਆ ਮੀਠਾ ਲਾਗੈ । ਹਰਿ ਨਾਮੁ ਪਦਾਰਥੁ ਨਾਨਕ ਮਾਗੈ ॥੨॥੪੨॥੯੩॥
ਤਾਲ : ਤਲਵਾੜਾ

| X | | 2 | | O | | 3 | |
|---|---|---|---|---|---|---|---|
| 1 | 2 | 3 | 4 | 5 | 6 | 7 | 8 |
| ਸਥਾਈ : | | | | | | | |
| ਧ | ਧ | ਪ | ਮ | ਗ | — | ਸ | ਰ |
| ਗੁ | ਰੂ | ਮੇ | ਰੇ | ਸੰ | S | ਗਿ | ਸ |
| ਗ | — | ਰ | — | ਸ | — | ਸ | — |
| ਦਾ | S | ਹੈ | S | ਨਾ | S | ਲੇ | S |
| ਸ | ਰ | ਮ | ਮ | ਪ | ਪ | ਧ | ਧ |
| ਸਿ | ਮ | ਰਿ | ਸਿ | ਮ | ਰਿ | ਤਿ | ਸੁ |
| ਬ | ਰੰ | ਸੰ | ਨ | ਧ | ਨ | ਪ | — |
| ਸ | ਦਾ | S | ਸ | ਮਾ | S | ਲੇ | S |
| ਅੰਤਰਾ | | | | | | | |
| ਪ | ਪ | ਧ | ਸੰ | ਸੰ | — | ਸੰ | ਸੰ |
| ਹ | ਰਿ | ਕਾ | S | ਨਾ | S | ਮੁ | ਰਿ |
| ਰੰ | ਸੰ | ਰੰ | ਗੰ | ਰੰ | — | ਸੰ | — |
| ਦੈ | S | ਨਿ | ਤ | ਧਿਆ | S | ਈ | S |
| ਸੰ | — | ਸੰ | — | ਨ | — | ਧ | — |
| ਸੰ | S | ਗੀ | S | ਸਾ | S | ਥੀ | S |
| ਪ | ਪ | ਧ | ਨ | ਧ | — | ਪ | — |
| ਸ | ਗ | ਲ | ਤ | ਰਾ | S | ਈ | S |

| ਰਾਗ : ਆਸਾ | ਜਾਤੀ | ਵਰਜਤ | ਵਾਦੀ ਮ | ਸਵਰ | ਸਮਾਂ |
|---|---|---|---|---|---|
| ਠਾਠ : ਬਿਲਾਵਲ | ਉ—ਸੰ | ਗ, ਨ, ਆਰੋਹ | ਸੰਵਾਦੀ ਸ | ਸਭ ਸ਼ੁਧ | ਸਵੇਰ |

# ਟੋਡੀ ਮਹਲਾ ੫ (੭੧੮)

ਹਰਿਭਜਨ ਸਿੰਘ

ਆਰੋਹ : ਨ਼ ਰੁ ਗੁ ਮੇ ਧੁ ਨ ਸੰ ॥
ਅਵਰੋਹ : ਸੰ ਨ ਧੁ ਪ ਮੇ ਧੁ ਮੇ, ਰੁ ਗੁ ਰੁ ਸ ॥
ਪਕੜ : ਨ਼ ਮੇ ਮੇ
ਧੰ_, ਨ਼ ਰੁ ਗੁ, ਰੁ ਗੁ, ਰੁ ਸ ॥

ਹਰਿ ਹਰਿ ਚਰਨ ਰਿਦੈ ਉਰਧਾਰੇ । ਸਿਮਰਿ ਸੁਆਮੀ ਸਤਿਗੁਰੁ ਅਪੁਨਾ,
ਕਾਰਜ ਸਫਲ ਹਮਾਰੇ ॥੧॥ਰਹਾਉ॥
ਪੁਨ ਦਾਨ ਪੂਜਾ ਪਰਮੇਸੁਰ, ਹਰਿ ਕੀਰਤਿ ਤਤੁ ਬੀਚਾਰੇ ॥
ਗੁਨ ਗਾਵਤ ਅਤੁਲ ਸੁਖੁ ਪਾਇਆ, ਠਾਕੁਰ ਅਗਮ ਅਪਾਰੇ ॥੧॥
ਜੋ ਜਨ ਪਾਰਬ੍ਰਹਮਿ ਅਪਨੇ ਕੀਨੇ, ਤਿਨ ਕਾ ਬਹੁਰਿ ਕਛੁ ਨ ਬੀਚਾਰੇ ॥
ਨਾਮ ਰਤਨੁ ਸੁਨਿ ਜਪਿ ਜਪਿ ਜੀਵਾ ਹਰਿ ਨਾਨਕ ਕੰਠ ਮਝਾਰੇ ॥

ਤਾਲ : ਤਿੰਨ ਤਾਲ

| X | | | | 2 | | | | O | | | | 3 | | | |
|---|---|---|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
| ਸਥਾਈ | | | | | | | | | ਰੁਗੁ | ਰੁ | ਸ | ਧ਼ | ਨ਼ | ਸ | ਰੁ |
| | | | | | | | | | ਹਰਿ | ਹ | ਰਿ | ਚ | ਰ | ਨ | ਰਿ |
| ਗੁ | — | ਗੁਮੇ | ਧੁਮੇ | ਗੁ | ਰੁ | ਸ | — | — | ਸਰੁ | ਗੁ | ਮੇ | ਧੁ | — | ਪ | ਪ |
| ਦੈ | S | ਉS | ਰS | ਧਾ | S | ਰੇ | S | S | ਸਿਮ | ਰਿ | ਸੁ | ਆ | S | ਮੀ | S |
| ਮੇ | ਧੁ | ਮੇ | ਗੁ | ਰੁ | ਗੁ | ਰੁ | ਸ | — | ਰੁਗੁ | ਰੁ | ਸ | ਧ਼_ | ਨ਼ | ਸ | ਰੁ |
| ਸ | ਤਿ | ਗੁ | ਰੁ | ਅ | ਪੁ | ਨਾ | S | S | ਕਾS | ਰ | ਜ | ਸ | ਫ | ਲ | ਹ |
| ਗੁ | — | ਗੁਮੇ | ਧੁਮੇ | ਗੁ | ਰੁ | ਸ | — | — | | | | | | | |
| ਮਾ | S | SS | SS | S | S | ਰੇ | S | S | | | | | | | |
| ਅੰਤਰਾ : | | | | | | | | | ਮੇਧੁ | ਮੇ | ਗੁ | ਮੇ | ਧੁ | ਨ | ਨ |
| | | | | | | | | | ਪੁS | ਨ | ਦਾ | S | ਨ | ਪੂ | S |
| ਸੰ | — | ਸੰ | ਸੰ | ਰੰ_ | — | ਸੰ | ਸੰ | — | ਸੰਰੰ | ਗੰ_ | ਰੰ_ | ਸੰ | ਨ | ਧੁ | ਪ |
| ਜਾ | S | ਪ | ਰ | ਮੇ | S | ਸੁ | ਰ | S | ਹਰਿ | ਕੀ | S | ਰ | S | ਤਿ | S |
| ਮੇ | ਧੁ | ਮੇ | ਗੁ | ਰੁ | ਗੁ | ਰੁ | ਸ | — | | | | | | | |
| ਤ | S | ਤੁ | ਬੀ | ਚਾ | S | ਰੇ | S | S | | | | | | | |

ਰਾਗ ਟੋਡੀ  ਜਾਤੀ ਛਾੜਵ ਸੰਪੂਰਨ  ਸਮਾਂ ਦਿਨ ਦੂਜਾ ਪਹਿਰ  ਵਾਦੀ ਧੁ
ਠਾਠ ਟੋਡੀ  ਆਰੋਹ ਵਿਚ ਪੰਚਮ ਵਰਜਿਤ  ਸੰਵਾਦੀ ਗੁ

ਨੋਟੇਸ਼ਨ ਵਾਲੇ ਸ਼ਬਦਾਂ ਦੇ ਅਰਥ :—

# 1. ਆਸਾ ਮਹਲਾ ੫ (੩੯੯)

**ਅਰਥ :** (ਹੇ ਭਾਈ ! ਮੇਰਾ) ਗੁਰੂ ਸਦਾ ਮੇਰੇ ਨਾਲ ਵੱਸਦਾ ਹੈ ਮੇਰੇ ਅੰਗ-ਸੰਗ ਰਹਿੰਦਾ ਹੈ (ਗੁਰੂ ਦੀ ਹੀ ਕਿਰਪਾ ਨਾਲ) ਮੈਂ ਉਸ (ਪਰਮਾਤਮਾ) ਨੂੰ ਸਦਾ ਸਿਮਰ ਕੇ ਸਦਾ ਆਪਣੇ ਹਿਰਦੇ ਵਿਚ ਵਸਾਈ ਰੱਖਦਾ ਹਾਂ । ੧ ।

(ਹੇ ਭਾਈ ! ਅੰਗ-ਸੰਗ ਵੱਸਦੇ ਗੁਰੂ ਦੀ ਹੀ ਕਿਰਪਾ ਨਾਲ) ਮੈਂ ਪਰਮਾਤਮਾ ਦਾ ਨਾਮ ਸਦਾ ਆਪਣੇ ਹਿਰਦੇ ਵਿਚ ਧਿਆਉਂਦਾ ਹਾਂ (ਇਸ ਤਰ੍ਹਾਂ ਮੈਂ ਸੰਸਾਰ ਸਮੁੰਦਰ ਤੋਂ ਪਾਰ ਲੰਘਣ ਜੋਗਾ ਹੋ ਰਿਹਾ ਹਾਂ) ਆਪਣੇ ਸੰਗੀਆਂ ਸਾਥੀਆਂ (ਗਿਆਨ ਇੰਦ੍ਰੀਆਂ) ਨੂੰ ਪਾਰ ਲੰਘਾਣ ਜੋਗਾ ਬਣ ਰਿਹਾ ਹਾਂ । ੧ ।

(ਹੇ ਪ੍ਰਭੂ ! ਇਹ ਤੇਰੇ ਮਿਲਾਏ ਹੋਏ ਗੁਰੂ ਦੀ ਮਿਹਰ ਹੈ ਕਿ) ਮੈਨੂੰ ਤੇਰਾ ਕੀਤਾ ਹੋਇਆ ਹਰੇਕ ਕੰਮ ਚੰਗਾ ਲੱਗ ਰਿਹਾ ਹੈ ਤੇ (ਤੇਰਾ ਦਾਸ) ਨਾਨਕ ਤੇਰੇ ਪਾਸੋਂ ਸਭ ਤੋਂ ਕੀਮਤੀ ਵਸਤ ਤੇਰਾ ਨਾਮ ਮੰਗ ਰਿਹਾ ਹੈ । ੨ ੪੨ । ੯੩ ।

—0—

# 2. ਟੋਡੀ ਮਹਲਾ ੫ (੭੧੮)

**ਅਰਥ :** ਹੇ ਭਾਈ ! ਪਰਮਾਤਮਾ ਦੇ ਚਰਨ ਸਦਾ ਆਪਣੇ ਹਿਰਦੇ ਵਿਚ ਚੰਗੀ ਤਰ੍ਹਾਂ ਸਾਂਭ ਰੱਖ । ਆਪਣੇ ਗੁਰੂ ਨੂੰ ਮਾਲਕ ਪ੍ਰਭੂ ਨੂੰ ਸਿਮਰ ਕੇ ਅਸਾਂ ਜੀਵਾਂ ਦੇ ਸਾਰੇ ਕੰਮ ਸਿਰੇ ਚੜ੍ਹ ਸਕਦੇ ਹਨ ।੧ । ਰਹਾਉ ।

ਹੇ ਭਾਈ ! ਸਾਰੀਆਂ ਵਿਚਾਰਾਂ ਦਾ ਨਿਚੋੜ ਇਹ ਹੈ ਕਿ ਪਰਮਾਤਮਾ ਦੀ ਸਿਫ਼ਤਿ ਸਲਾਹ ਹੀ ਪਰਮਾਤਮਾ ਦੀ ਪੂਜਾ ਹੈ, ਤੇ ਪੁਨ-ਦਾਨ ਹੈ । ਅਪਹੁਚ ਤੇ ਬੇਅੰਤ ਮਾਲਕ ਪ੍ਰਭੂ ਦੇ ਗੁਣ ਗਾਂਦਿਆਂ ਬੇਅੰਤ ਸੁਖ ਪ੍ਰਾਪਤ ਕਰ ਲਈਦਾ ਹੈ । ੧ ।

ਹੇ ਭਾਈ ! ਜਿਨ੍ਹਾਂ ਮਨੁੱਖਾਂ ਨੂੰ ਪਰਮਾਤਮਾ ਨੇ ਆਪਣੇ (ਸੇਵਕ) ਬਣਾ ਲਿਆ ਉਹਨਾਂ ਦੇ ਕਰਮਾਂ ਦਾ ਲੇਖਾ ਮੁੜ ਨਹੀਂ ਪੁੱਛਦਾ । ਹੇ ਨਾਨਕ ! (ਆਖ-) ਮੈਂ ਭੀ ਪਰਮਾਤਮਾ ਦੇ ਰਤਨ (ਵਰਗੇ ਕੀਮਤੀ) ਨਾਮ ਨੂੰ ਆਪਣੇ ਗਲੇ ਵਿਚ ਪ੍ਰੋ ਲਿਆ ਹੈ, ਨਾਮ ਸੁਣ ਸੁਣ ਕੇ ਜਪ ਜਪ ਕੇ ਮੈਂ ਆਤਮਕ ਜੀਵਨ ਪ੍ਰਾਪਤ ਕਰ ਰਿਹਾ ਹਾਂ । ੨ । ੧੧ । ੩੦।

—0—

ਵਿਸ਼ੇਸ਼ ਲੇਖ

# ਏਹਿ ਭਿ ਦਾਤਿ ਤੇਰੀ ਦਾਤਾਰ (ਜਪੁਜੀ)

ਪ੍ਰਿੰ. ਸਾਹਿਬ ਸਿੰਘ

(ਪਿਛਲੇ ਅੰਕ ਤੋਂ ਅੱਗੇ)

ਕਾਦਰ ਦੀ ਕੁਦਰਤ ਬੇਅੰਤ ਹੈ, ਅਸਾਡੀ ਸਮਝ ਉਸ ਦੇ ਟਾਕਰੇ ਤੇ ਨਿੱਕੀ ਜਿਹੀ ਹੈ, ਅਸੀਂ ਹਰੇਕ ਕੁਦਰਤੀ ਰਾਜ਼ ਨੂੰ ਸਮਝਣ ਤੋਂ ਅਸਮਰਥ ਹਾਂ ; ਪਰ ਅਸਾਨੂੰ ਇਹ ਨਿਸਚਾ ਰਹਿਣਾ ਚਾਹੀਦਾ ਹੈ ਕਿ ਬੱਚਿਆਂ ਦੇ ਦੁੱਖ ਕਲੇਸ਼ ਕਾਦਰ ਦੀ ਕਿਸੇ ਭੈੜੀ ਬਦਲੇ ਦੀ ਨੀਅਤ ਨਾਲ ਨਹੀ ਹਨ। ਜੇ ਅਮੀਰਾਂ ਦੇ ਬੱਚਿਆਂ ਨੂੰ ਕੋਈ ਰੋਗ ਨਾ ਹੁੰਦੇ, ਤਾਂ ਅੱਜ ਵਲੈਤ ਵਿਚ ਬੱਚਿਆਂ ਦੇ ਰੋਗਾਂ ਵਾਸਤੇ ਇਤਨੇ ਖ਼ੈਰੈਤੀ ਹਸਪਤਾਲ ਨਾ ਹੁੰਦੇ। ਜਿਸ ਮਾਂ ਪਿਉ ਨੇ ਆਪਣੇ ਛੋਟੇ ਬੱਚੇ ਨੂੰ ਤੜਫਦਿਆਂ ਆਪਣੇ ਅੱਖੀਂ ਵੇਖਿਆ ਹੈ ਉਹੀ ਜਗਤ ਦੇ ਬੱਚਿਆਂ ਦੇ ਦੁੱਖ ਅਨੁਭਵ ਕਰ ਸਕਦੇ ਹਨ। ਫਿਰ, ਬੱਚੇ ਦੇ ਰੋਗ ਦੀ ਹਾਲਤ ਵਿਚ ਭੀ ਕੋਈ ਕੁਦਰਤੀ ਨੇਮ ਹੀ ਟੁੱਟਾ ਹੈ, ਜਿਸ ਵਿਚ ਮਾਪਿਆਂ ਦੀ ਜ਼ਿੰਮੇਵਾਰੀ ਹੈ, ਤੇ ਇਸਦੇ ਇਵਜ਼ ਵਿਚ ਮਾਪਿਆਂ ਨੂੰ ਕਈ ਰਾਤਾਂ ਜਾਗਣਾ ਪੈਂਦਾ ਹੈ ਤੇ ਬੱਚੇ ਦੇ ਦੁੱਖ ਨਾਲ ਦੁਖੀ ਹੋਣਾ ਪੈਂਦਾ ਹੈ। ਇਸ ਵਿਚੋਂ ਭੀ ਭਲਾਈ ਨਿਕਲਦੀ ਹੈ, ਇਕ ਬਾਲ ਦੀ ਪਰਵਰਿਸ਼ ਵਿਚ ਅਨਗਹਿਲੀ ਕਰ ਕੇ ਜੋ ਸਿੱਖਿਆ ਮਿਲਦੀ ਹੈ, ਉਹ ਦੂਜੇ ਬਾਲਾਂ ਦੀ ਪਰਵਰਿਸ਼ ਵਿਚ ਸਹਾਇਤਾ ਕਰਦੀ ਹੈ।

ਇਨਸਾਨ ਦੇ ਸਾਧਾਰਨ ਨਰੋਏ ਜੀਵਨ ਵਿਚ ਕਿਸੇ ਸਰੀਰਕ ਅੰਗ ਉੱਤੇ ਕਿਸੇ ਦੁੱਖ-ਪੀੜ ਦੇ ਆਉਣ ਦੀ ਸੰਭਾਵਨਾ ਨਹੀਂ ਹੁੰਦੀ। ਇਕ ਬਿਲਕੁਲ ਨਰੋਏ ਬੰਦੇ ਨੂੰ ਕਦੇ ਇਹ ਸੋਚਣ ਦੀ ਲੋੜ ਨਹੀਂ ਪੈਂਦੀ ਕਿ ਉਸ ਦਾ ਮੇਹਦਾ ਕਿਵੇਂ ਹਾਜ਼ਮੇ ਦਾ ਕੰਮ ਕਰ ਰਿਹਾ ਹੈ ; ਜਿਗਰ ਕੀ ਸਹਾਇਤਾ ਕਰਦਾ ਹੈ, ਫੇਫੜੇ ਕਿਵੇਂ ਸਾਰੇ ਸਰੀਰ ਨੂੰ ਹਵਾ ਅਪੜਾ ਰਹੇ ਹਨ। ਇਹ ਸਾਰੇ ਕੰਮ ਆਪਣੇ ਆਪ ਹੋ ਰਹੇ ਹਨ, ਤੇ ਮਨੁੱਖ ਨੂੰ ਇਸ 'ਕੁਦਰਤੀ ਚਾਲ' ਵਿਚ ਕੋਈ ਤਕਲੀਫ ਨਹੀਂ ਹੁੰਦੀ। ਜੇ ਕਿਸੇ ਅੰਗ ਵਿਚ ਕੋਈ ਪੀੜ ਉੱਠੇ ਤਾਂ ਕਹੀਦਾ ਹੈ ਕਿ ਇਨਸਾਨੀ ਮਸ਼ੀਨ ਦੇ ਚੱਲਣ ਵਿਚ ਕਿਤੇ ਕੋਈ ਵਿਘਨ ਪੈ ਗਿਆ ਹੈ। ਪਰ ਬੱਚੇ ਜੰਮਣਾ ਭੀ ਇਕ ਕੁਦਰਤੀ ਨੇਮ ਹੈ, ਇਸ ਵਿਚ ਇਸਤ੍ਰੀ ਨੂੰ ਕਿਉਂ ਇਤਨਾ ਖੇਦ ਸਹਾਰਨਾ ਪੈਂਦਾ ਹੈ ? ਕੁਦਰਤ ਦੇ ਨੇਮ ਵਿਚ ਇਹ ਉਲੰਘਣ ਕਿਉਂ ਹੈ ?

ਪੁਰਾਣੇ ਸਮੇਂ ਵਿਚ ਲੋਕਾਂ ਨੇ ਆਦਮ ਤੇ ਹਵਾ ਦੀ ਕਹਾਣੀ ਦੇ ਕੇ ਇਸ ਨੂੰ ਰੱਬ ਦਾ ਸਰਾਪ ਪਰਗਟ ਕੀਤਾ। ਪਰ ਉਹ ਸਾਰੀ ਕਹਾਣੀ ਅਲੌਕਿਕ ਹੈ। ਹੁਣ ਕਦੇ ਕੋਈ ਸੱਪ ਗੱਲਾਂ ਨਹੀਂ ਕਰ ਸਕਿਆ, ਉਸ ਨੇ ਕਿਵੇਂ ਮਨੁੱਖ ਨੂੰ ਭਰਮਾਇਆ ਸੀ ? ਹੁਣ ਸਾਰੇ ਸੱਪ ਢਿੱਡ ਭਾਰ ਚਲਦੇ ਹਨ, ਉਹ ਸੱਪ ਕਿਵੇਂ ਮਨੁੱਖ ਵਾਂਗ ਤੁਰ ਸਕਦਾ ਸੀ ? ਕੁਦਰਤ ਵਿਚ ਨੇਮ ਸਦਾ ਇਕ-ਰਸ ਵਰਤੀਦੇ ਹਨ। ਇਕ ਗੱਲ ਅਸੀਂ ਰੋਜ਼ ਵੇਖ ਰਹੇ ਹਾਂ, ਅਸੀਂ ਉਸੇ ਚੀਜ਼ ਨੂੰ ਬਹੁਤਾ ਪਿਆਰ ਕਰਦੇ ਹਾਂ, ਉਸੇ ਦੀ ਵਧੀਕ ਕਦਰ ਕਰਦੇ ਹਾਂ ਜਿਸ ਦੇ

ਹਾਸਲ ਕਰਨ ਵਿਚ ਬਹੁਤੀ ਖੇਚਲ ਸਹਾਰਦੇ ਹਾਂ। ਮਾਂ ਦਾ ਆਪਣੇ ਬੱਚੇ ਨਾਲ ਪਿਆਰ ਜਗਤ ਵਿਚ ਸਭ ਤੋਂ ਉੱਚਾ ਪਿਆਰ ਮੰਨਿਆ ਗਿਆ ਹੈ; ਮਾਂ ਦਾ ਪਿਆਰ ਰੱਬੀ ਪਿਆਰ ਦਾ ਪਰਤੱਖ ਰੂਪ ਸਮਝਿਆ ਜਾਂਦਾ ਹੈ ; ਮਾਂ ਰੱਬ ਦਾ ਰੂਪ ਮੰਨੀ ਜਾ ਰਹੀ ਹੈ। ਪਰ, ਮਾਂ ਸੰਬੰਧੀ ਇਹ ਉੱਚਾ ਵਲਵਲਾ ਜਗਤ ਵਿਚ ਕਿਤੇ ਵੇਖਣ ਵਿਚ ਨਾ ਆਉਂਦਾ, ਜੇ ਬੱਚੇ ਜੰਮਣੇ ਇਕ ਅਜਿਹਾ ਸਾਦਾ ਕੰਮ ਹੁੰਦਾ ਜਿਵੇਂ ਕਿਸੇ ਬਾਗ ਵਿਚ ਫੁੱਲ ਪੈਦਾ ਕਰ ਲੈਣੇ। ਮਾਂ ਦਾ ਦਿਲ ਆਪਣੇ ਬੱਚੇ ਨਾਲ ਪਿਆਰ ਕਰਨ ਕਰਕੇ ਜੱਗ-ਦਿਲ ਬਣ ਜਾਂਦਾ ਹੈ। 'ਜੀਵਣ ਸਭ ਬੱਚੇ ਮਾਵਾਂ ਦੇ'—ਇਹ ਹਰ ਮਾਂ ਆਖਦੀ ਹੈ। ਪਰ ਕੁਦਰਤੀ ਤੌਰ ਤੇ ਜਣੇਪੇ ਦੀ ਤਕਲੀਫ ਇਤਨੀ ਨਹੀਂ ਹੁੰਦੀ, ਜਿਤਨੀ ਅੱਜ ਕਲ੍ਹ ਵੇਖਣ ਵਿਚ ਆ ਰਹੀ ਹੈ। ਹੁਣ ਅਸੀਂ ਜੀਵਨ ਬਣਾਉਟੀ ਬਣਾਈ ਜਾ ਰਹੇ ਹਾਂ, ਸਰੀਰਾਂ ਨੂੰ ਖੇਚਲ ਨਹੀਂ ਦੇਂਦੇ, ਸਾਦਗੀ ਦੀ ਥਾਂ ਸ਼ੌਕੀਨੀ ਵਧ ਰਹੀ ਹੈ। ਜਿਉਂ ਜਿਉਂ ਅੱਜ ਕਲ੍ਹ ਦੀ ਸਭਿਅਤਾ, ਨਜ਼ਾਕਤ ਤੇ ਸ਼ੌਕੀਨੀ ਦੇ ਅਨੁਸਾਰ ਜੀਵਨ ਬਣ ਰਹੇ ਹਨ, ਤਿਉਂ ਤਿਉਂ ਸਿੱਟਾ 'ਸਰੀਰਕ ਕਸ਼ਟ' ਨਿਕਲ ਰਿਹਾ ਹੈ।

ਜਗਤ ਇਕ ਮੈਦਾਨਿ-ਜੰਗ ਦਿਸਦਾ ਹੈ। ਛੋਟੇ ਛੋਟੇ ਜੀਆਂ ਜੰਤਾਂ ਨੂੰ ਵੱਡੇ ਪਸ਼ੂ-ਪੰਛੀ ਖਾ ਰਹੇ ਹਨ। ਧਮੱਕੜਾਂ ਨੂੰ ਚਿੜੀਆਂ ਖਾ ਜਾਂਦੀਆਂ ਹਨ, ਚਿੜੀਆਂ ਨੂੰ ਬਿੱਲੀ ਮਾਰ ਲੈਂਦੀ ਹੈ, ਬਿੱਲੀ ਨੂੰ ਕੁੱਤਾ ਪਾੜ ਖਾਂਦਾ ਹੈ, ਤੇ ਕੁੱਤੇ ਦਾ ਬਘਿਆੜ ਜਾਨੀ ਵੈਰੀ ਹੈ। ਡੱਡੀਆਂ ਨੂੰ ਸੱਪ ਹੜੱਪ ਕਰ ਲੈਂਦਾ ਹੈ, ਸੱਪ ਨੂੰ ਨਿਓਲਾ ਮਾਰ ਮੁਕਾਂਦਾ ਹੈ। ਦੁਨੀਆਂ ਵਿਚ ਜਿਧਰ ਧਿਆਨ ਮਾਰੋ, ਇਹੀ ਦਿੱਸੇਗਾ। ਛੋਟੇ ਜੀਆਂ ਜੰਤਾਂ ਨੂੰ ਵੱਡੇ ਮਾਰ ਮੁਕਾਂਦੇ ਹਨ।

ਕਿਤਨਾ ਭਿਆਨਕ ਦ੍ਰਿਸ਼ ਹੈ !

ਕੀ ਕਾਦਰ ਦੀ ਇਹ ਸਾਰੀ ਕੁਦਰਤ ਬੇ-ਤਰਸ ਹੈ ?

ਅਸਲ ਗੱਲ ਇਹ ਹੈ ਕਿ ਕੁਦਰਤ ਦੇ ਇਸ ਜੰਗ ਨੇ ਹੀ ਧਰਤੀ ਦੇ ਸਰਦਾਰ ਮਨੁੱਖ ਨੂੰ ਧਰਤੀ ਤੇ ਜੀਉਣ ਦਾ ਮੌਕਾ ਦਿੱਤਾ ਹੈ, ਨਹੀਂ ਤਾਂ ਸਿਰਫ ਮੱਖੀ ਦੀ ਪੈਦਾਇਸ਼ ਹੀ ਇਤਨੀ ਕਾਫੀ ਸੀ ਕਿ ਮਨੁੱਖ ਦਾ ਜੀਉਣਾ ਅਸੰਭਵ ਕਰ ਦੇਂਦੀ। ਇਸ ਤਰ੍ਹਾਂ ਦੀ ਮੌਤ ਕੋਈ ਭਿਆਨਕ ਮੌਤ ਭੀ ਨਹੀਂ ਹੈ, ਇਹ ਅਚਨਚੇਤ ਦੀ ਮੌਤ ਰੋਗ ਆਦਿਕ ਵਾਲੀ ਮੌਤ ਨਾਲੋਂ ਚੰਗੀ ਹੈ। ਦਰਿੰਦਿਆਂ ਤੋਂ ਬੇ-ਹੋਸ਼ੀ ਦੀ ਹਾਲਤ ਵਿਚ ਬਚ ਕੇ ਆਏ ਬੰਦੇ ਦੱਸਦੇ ਹਨ ਕਿ ਗ਼ਸ਼ੀ ਤੋਂ ਪਿਛੋਂ ਸਭ ਕੁਝ ਬਿਨਾ ਕਿਸੇ ਦੁੱਖ ਦਰਦ ਦੇ ਹੁੰਦਾ ਹੈ। ਸ਼ਿਕਾਰੀ ਜਾਨਵਰ ਆਪਣੇ ਸ਼ਿਕਾਰ ਨੂੰ ਘੱਟ ਤੋਂ ਘੱਟ ਅਜ਼ਾਬ ਦੇ ਕੇ ਮਾਰਦੇ ਹਨ, ਸ਼ੇਰ ਤੇ ਬਾਜ਼ ਸਿਰਫ਼ ਇਕੋ ਝਪਟ ਮਾਰਦੇ ਹਨ। ਹਾਂ, ਬਿੱਲੀ ਚੂਹੇ ਨੂੰ ਦੁੱਖ ਦੇਂਦੀ ਪਰਤੀਤ ਹੁੰਦੀ ਹੈ, ਪਰ ਇਹ ਸੁਭਾਉ ਬਣਿਆ ਹੈ ਘਰਾਂ ਵਿਚ ਰਹਿਣ ਕਰਕੇ। ਘਰ ਵਿਚ ਚੰਗੀ ਖ਼ੁਰਾਕ ਮਿਲ ਜਾਣ ਕਰਕੇ ਬਿੱਲੀ ਸ਼ਿਕਾਰ ਦੀ ਖਾਤਰ ਨਹੀਂ, ਸ਼ੁਗਲ ਦੀ ਖਾਤਰ ਚੂਹੇ ਤੇ ਪੈਂਦੀ ਹੈ। ਇਹ ਭੀ ਜ਼ਰੂਰੀ ਨਹੀਂ ਕਿ ਚੂਹਾ ਉਸ ਵੇਲੇ ਬੜੇ ਤਸੀਹੇ ਮਹਿਸੂਸ ਕਰਦਾ ਹੈ। ਜੋ

ਲੋਕ ਕਦੇ ਕਿਸੇ ਸ਼ਿਕਾਰੀ ਦੇ ਪੰਜੇ ਤੋਂ ਬਚ ਕੇ ਆਏ ਹਨ ਉਹ ਦੱਸਦੇ ਹਨ ਕਿ ਉਸ ਟਾਕਰੇ ਦੇ ਜੋਸ਼ ਵਿਚ ਕੋਈ ਤਕਲੀਫ਼ ਜਾਂ ਦੁੱਖ-ਕਲੇਸ਼ ਯਾਦ ਭੀ ਨਹੀਂ ਹੁੰਦਾ। ਪਸ਼ੂਆਂ ਵੱਲ ਵੇਖੋ; ਬੜੇ ਘੱਟ ਐਸੇ ਪਸ਼ੂ ਹਨ ਜੋ ਕਿਸੇ ਮੁਸੀਬਤ ਨੂੰ ਬਹੁਤ ਚਿਰ ਚੇਤੇ ਰੱਖ ਸਕਦੇ ਹਨ। ਇਹ ਮਨੁੱਖ ਹੀ ਹੈ ਜੋ ਆਪਣੀ ਚੇਤਾ; ਸ਼ਕਤੀ ਨਾਲ ਆਪਣੇ ਦੁੱਖ ਨੂੰ ਵਧਾ ਲੈਂਦਾ ਹੈ। ਹਰਨ ਜਾਂ ਸਹੇ ਦੇ ਪਿਛੇ ਸ਼ਿਕਾਰੀ ਲੱਗਦੇ ਹਨ, ਜੀ ਭਿਆਣਾ ਉਹ ਦੌੜਦਾ ਹੈ ਤੇ ਉਹਨਾਂ ਦੀ ਨਜ਼ਰੋਂ ਉਹਲੇ ਹੋ ਜਾਂਦਾ ਹੈ; ਪਰ ਖਤਰਾ ਉਸ ਨੂੰ ਤੁਰਤ ਵਿਸਰ ਜਾਂਦਾ ਹੈ, ਤੇ ਉਹ ਹਰਾ ਘਾਹ ਚੁਗਣ ਵਿਚ ਰੁਝ ਜਾਂਦਾ ਹੈ। ਇਸ ਸ੍ਵੈ-ਰੱਖਿਆ ਦੇ ਜੰਗ ਨੇ ਮਨੁੱਖ ਦੇ ਅੰਦਰ ਇਕ ਹੋਰ ਉੱਚਾ ਜਜ਼ਬਾ ਪੈਦਾ ਕਰ ਦਿੱਤਾ ਹੈ, ਉਹ ਹੈ 'ਦੂਜਿਆਂ ਦੀ ਰੱਖਿਆ ਲਈ ਜਤਨ'। ਇਸ ਜਜ਼ਬੇ ਨੇ ਪਿਆਰ, ਕੁਰਬਾਨੀ, ਹਮਦਰਦੀ ਆਦਿਕ ਗੁਣ ਪੈਦਾ ਕਰ ਦਿੱਤੇ ਹਨ।

ਹੁਣ ਤਕ ਅਸੀਂ ਸਰੀਰਕ ਦੁਖ-ਕਲੇਸ਼ਾਂ ਦਾ ਹੀ ਫ਼ਿਕਰ ਕਰਦੇ ਆਏ ਹਾਂ; ਹੁਣ ਲਵੋ ਮਾਨਸਿਕ ਪੀੜਾਂ ਨੂੰ। ਅੱਜ ਕਲ੍ਹ ਦੀ ਖੋਜ ਨੇ ਸਾਬਤ ਕਰ ਦਿੱਤਾ ਹੈ ਕਿ ਮਾਨਸਿਕ ਕਸ਼ਟ ਭੀ ਮਨੁੱਖ ਦੇ ਦਿਮਾਗ ਵਿਚ ਉਸੇ ਤਰ੍ਹਾਂ ਅਸਰ ਕਰਦੇ ਹਨ ਜਿਵੇਂ ਸਰੀਰਕ ਦੁੱਖ; ਸਗੋਂ ਮਾਨਸਿਕ ਦੁੱਖ ਵਧੀਕ ਖਤਰਨਾਕ ਹੁੰਦੇ ਹਨ। ਸਰੀਰਕ ਰੋਗ ਕੋਈ ਵਿਰਲਾ ਹੀ ਹੁੰਦਾ ਹੈ ਜੋ ਮਨੁੱਖ ਨੂੰ ਉੱਕਾ ਹੀ ਨਕਾਰਾ ਕਰ ਦੇਵੇ, ਪਰ ਮਾਨਸਿਕ ਦੁੱਖ ਦਿਮਾਗੀ ਹਾਲਤ ਖਰਾਬ ਕਰ ਦੇਂਦੇ ਹਨ। ਪਰ ਇਹ ਮਾਨਸਿਕ ਕਲੇਸ਼ ਭੀ ਭਲਾਈ ਤੋਂ ਖਾਲੀ ਨਹੀਂ ਹਨ। 'ਸਰੀਰਕ ਦੁੱਖ' ਦੁੱਖ ਸਹਾਰਨ ਵਾਲੇ ਬੰਦੇ ਨਾਲੋਂ ਉਸ ਦੀ ਕੌਮ ਤੇ ਦੇਸ਼ ਵਾਸਤੇ ਵਧੀਕ ਲਾਭਦਾਇਕ ਹੁੰਦੇ ਹਨ; ਰੋਗ ਤੋਂ ਦਵਾਈਆਂ ਤੇ ਹਸਪਤਾਲ ਬਣੇ; ਸ਼ਹੀਦੀਆਂ ਨੇ ਕੌਮਾਂ ਤੇ ਦੇਸ਼ਾਂ ਨੂੰ ਜਗਾ ਦਿੱਤਾ 'ਮਾਨਸਿਕ ਦੁੱਖ' ਦੁੱਖ ਸਹਾਰਨ ਵਾਲੇ ਨੂੰ ਭੀ ਲਾਭ ਦੇਂਦਾ ਹੈ, ਇਸ ਕੁਠਾਲੀ ਵਿਚੋਂ ਸੁੱਚਾ ਤੇ ਉੱਚਾ ਹੋ ਕੇ ਨਿਕਲਦਾ ਹੈ। ਮਾਨਸਿਕ ਪੀੜ ਜਾਂ ਇਖ਼ਲਾਕੀ ਰੋਗ ਦਾ ਮੂਲ ਕਾਰਨ ਖ਼ੁਦਗਰਜ਼ੀ ਹੈ। ਕਦੇ ਸਮਾਂ ਸੀ, ਜਦੋਂ ਖ਼ੁਦਗਰਜ਼ੀ ਕੋਈ ਭੈੜ ਨਹੀਂ ਸੀ ਸਮਝਿਆ ਜਾਂਦਾ। ਪਸ਼ੂ-ਪੰਛੀ, ਇਹ ਠੀਕ ਹੈ, ਆਪੋ ਆਪਣੀ ਹਸਤੀ ਕਾਇਮ ਰੱਖਣ ਵਾਸਤੇ ਖ਼ੁਦਗਰਜ਼ ਹਨ। ਪਰ ਮਨੁੱਖ ਇਸ ਹਾਲਤ ਤੋਂ ਉੱਚਾ ਹੋ ਗਿਆ ਹੈ, ਮਨੁੱਖ ਵਾਸਤੇ ਇਹ ਜ਼ਰੂਰੀ ਹੈ ਕਿ ਉਹ ਵਹੁਟੀ, ਬੱਚਿਆਂ, ਮਿੱਤਰਾਂ, ਗੁਆਂਢੀਆਂ, ਕੌਮ, ਦੇਸ਼ ਤੇ ਸਾਰੀ ਧਰਤੀ ਵਾਸਤੇ ਜੀਵੇ। 'ਇਨਸਾਨੀਅਤ' ਦੀ ਸਭ ਤੋਂ ਵੱਡੀ ਨਿਸ਼ਾਨੀ ਹੀ ਇਹ ਹੈ ਕਿ ਉਹ ਦੂਜਿਆਂ ਵਾਸਤੇ ਜੀਵੇ, ਨਿਰਾ ਆਪਣੇ ਵਾਸਤੇ ਜੀਵਿਆਂ ਤਾਂ ਮੁੜ ਪਸ਼ੂ-ਪੁਣੇ ਵਿਚ ਚਲੇ ਜਾਈਦਾ ਹੈ। ਪਰ 'ਇਨਸਾਨੀ' ਜੀਵਨ ਵਾਸਤੇ ਜੋ ਭੀ ਕੋਈ ਕੀਮਤੀ ਖ਼ਜ਼ਾਨਾ ਹੈ, ਬਿਨਾ ਕਸ਼ਟ ਸਹਾਰਨ ਤੋਂ ਨਹੀਂ ਮਿਲਿਆ, ਕਦਰ ਭੀ ਤਦੋਂ ਹੀ ਪੈਂਦੀ ਹੈ। ਆਜ਼ਾਦੀ, ਖ਼ਿਆਲ ਦੀ ਆਜ਼ਾਦੀ, ਸਾਹਿੱਤ, ਹੁਨਰ, ਰਾਗ, ਹਰੇਕ ਨੇ ਇਨਸਾਨੀ ਕੁਰਬਾਨੀ ਮੰਗੀ ਹੈ; ਇਨਸਾਨੀ ਉੱਨਤੀ ਦਾ ਰਸਤਾ ਹੀ ਕੰਡਿਆਂ ਵਿਚੋਂ ਦੀ ਲੰਘਦਾ ਹੈ।

—0—

# Kirtan Towards Immortality

Why Kirtan ? Right from times Immemorial human beings have drawn satisaction from Kirtan. To be together and sing in a chorus has applead the rich and the poor equally, feel enthrilled by the sonorous voices. There is celestial pleasura to join in a group and utter voices resomding the very atmosphere.

Kirtan is not only on earth but in high heavens also. Who has not heard of 'Music of the spheres' ? If we human beings rejoice in Kirtan on earth the gods and godesses above us also perform the same function. Look towards the sky at mid night or in the early hours of the morning, it seems that the celestial bodie sing and calling us to join us in sweet company. Only those who stand and stare at the heavenly bodies can find Kirtan going on continuously. The galaxy of stars or the Milky way is constanily rejoicing telling us that Kirtan can uplift us.

Kirtan is the foundation stone of noble behaviour on earth. Those who don't find time to sit in a calm Composure while the Kirtan is on can't find solace in life. The worst sufferer seeks divine Jastice always. The only way to get it is regular attendance of Kirtan with full devotion. Devotion like sincere duty works wonders in a person devoid of mirth. Those who call life dull and dry need realize that Kirtan can ennoble them in miraculous way.

Kirtan is the companion of a solitary person. In jails even, prisoners keep their spirits high by reciting holy hymns. They forget their trials and tribulations by bringing themselves nearer to their spirits. They believe that Waheguru is always with them. Singing his praises raises their morals to a high degree. They forget death even while hangman's noose is around their necks. Death does not frighten them because Kirtan Constantly strengths their will and belief in the supreme decrees.

It is a happy sign of our times that Kirtan is playing its vital role in mitigating the pain of diseases. Actually, Kirtan has done more than the doctor. Physical and mental solace resulted

in cure. Mental health is the need of the hour in the present day world. Our nerves get relief while the Kirtan is on. Those tired of work find in Kirtan an agent of activity. Science has worked wonders but Kirtan does not lag behind. It opens doors to Immortality by elevating our spirits in the worst state of our circumstances.

BISHAN SWAROOP AGGARWAL 'ROPARI'
Master Nand Lal Bhawan, Old Post office Road,
ROPAR—140001 (Punjab)

# ਆਸਾ ਦੀ ਵਾਰ ਦਾ ਲੜੀ ਵਾਰ ਵੀਚਾਰ

– ਪ੍ਰੇਮ ਸਿੰਘ 'ਪ੍ਰੇਮ'

ਸਾਹਿਬ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਬਾਣੀ ਰਾਗਾਂ ਵਿਚ ਹੁੰਦਿਆਂ ਹੋਇਆਂ ਵੀ ਵਿਧੀ ਅਨੁਸਾਰ ਇੰਜ ਦਰਜ ਕੀਤੀ ਗਈ ਹੈ ਕਿ ਜਿੰਨੀ ਵਾਰੀ ਉਸ ਨੂੰ ਪੜ੍ਹੋਂ ਤੇ ਵਿਚਾਰੋਗੇ ਉਤਨੀ ਵਾਰੀ ਨਵਾਂ ਆਨੰਦ ਤੇ ਸਰੂਰ ਮਿਲੇਗਾਂ। ਰਾਗ ਆਸਾ ਪੰਜਾਬ ਦਾ ਰਾਗ ਹੈ ਅਤੇ ਇਸ ਦੀ ਭਾਵਨੀ ਹੈ ਕਿ ਹਰ ਹਾਲਤ ਵਿਚ ਆਸ ਇਕ ਦੀ ਹੀ ਰਖਣੀ ਹੈ। ਇਕ ਦੀ ਆਸ ਵਾਲੇ ਕਦੇ ਭਟਕਦੇ ਨਹੀਂ ਹਨ। ਸੋ ਇਹ ਟਪਲੇ ਵਾਲੀ ਗੱਲ ਹੈ ਕਿ ਆਸਾ ਦੀ ਵਾਰ ਰੋਜ਼ ਗਾਉਣ, ਸੁਣਨ ਨਾਲ ਤੇਰੀਆਂ ਸਾਰੀਆਂ ਆਸਾਂ ਤੇ ਖਾਹਸ਼ਾਂ ਪੂਰੀਆਂ ਹੋਣਗੀਆਂ, ਸਗੋਂ ਇੰਜ ਹੈ ਕਿ ਇਸ ਵਾਰ ਨੂੰ ਦ੍ਰਿੜ ਕਰਕੇ ਸੁਣਨ, ਪੜ੍ਹਨ ਤੇ ਵਿਚਾਰਨ ਬਾਅਦ ਤੈਨੂੰ ਦੂਜੀ ਆਸ ਤੇ ਖਾਹਸ਼ ਉਪਜੇਗੀ ਹੀ ਨਹੀਂ, ਜੋ ਤੂ ਕਿਸੇ ਹੋਰ ਤੋਂ ਭਾਵ ਹਕੂਮਤ ਤੋਂ, ਰਾਜ ਤੋਂ ਜਾਂ ਕਿਸੇ ਹੋਰ ਦੁਨਿਆਵੀ ਵੱਡੇ ਤੋਂ ਕੁਝ ਲੈਣ ਦੀ ਆਸ ਰੱਖੇਂ। ਪੁਰਾਤਨ ਜਨਮ ਸਾਖੀ 'ਚੋਂ ਟੂਕ ਹੈ ਕਿ ਬਾਬਰ ਬਾਦਸ਼ਾਹ ਗੁਰੂ ਨਾਨਕ ਸਾਹਿਬ ਨੂੰ ਕਹਿੰਦਾ ਹੈ ਕਿ ਨਾਨਕ ਕੁਝ ਲਵੋ, ਮੰਗੋ, ਕਹੋ ਤਾਂ ਸਹੀ ਹਾਜ਼ਰ ਕਰਦਾ ਹਾਂ ਤਾਂ ਬਾਬੇ ਦਾ ਜਵਾਬ ਹੈ :

ਬੰਦੇ ਦੀ ਜੋ ਲੇਵੇ ਓਟ। ਦੀਨ ਦੁਨੀ ਮੇ ਤਾ ਕੋ ਤੋਟਿ।
ਕਹੇ ਨਾਨਕ ਸੁਣ ਬਾਬਰ ਮੀਰ ਤੁਝ ਤੇ ਮੰਗੇ ਸੋ ਅਹਿਮਕ ਫਕੀਰ।

ਇੰਨਾ ਸਾਫ਼ ਜਵਾਬ ਸੁਣ ਕੇ ਬਾਬਰ ਵਰਗਾ ਜ਼ਾਬਰ ਵੀ ਝੁਕ ਗਿਆ। ਭਾਵ ਹੈ ਕਿ ਆਸ ਰੱਖਣ ਵਾਲਾ ਰਾਜ਼ ਸ਼ਕਤੀ ਅੱਗੇ ਨਹੀਂ ਝੁਕਦਾ। ਇਕ ਵਾਹਿਗੁਰੂ ਦੀ ਆਸ ਕਦੇ ਨਾ ਛੁਟੇ ਇਸ ਲਈ ਰੋਜ਼ਾਨਾ ਆਸਾ ਦੀ ਵਾਰ ਪੜ੍ਹਨ, ਗਾਉਣ ਦੀ ਆਗਿਆ ਹੈ, ਤੇ ਲਾਈ ਵੀ ਜਾਂਦੀ ਹੈ ਰੋਜ਼ਾਨਾ ਹੀ ਗੁਰਦੁਆਰੇ ਵਿਚ।

ਇਸ ਵਾਰ ਦੀਆਂ 24 ਪਾਉੜੀਆਂ ਹਨ। ਹਰ ਪਉੜੀ ਤੋਂ ਪਹਿਲਾਂ ਸਲੋਕ ਦਰਜ ਹਨ ਤੇ ਸਿਰਲੇਖ ਗੁਰੂ ਗਰੰਥ ਸਾਹਿਬ ਵਿਚ 462 ਅੰਕ ਤੇ ਵਾਰ ਦਰਜ ਕਰਨ ਤੋਂ ਪਹਿਲਾਂ ਇਹ ਦਿੱਤਾ ਹੈ :

ਆਸਾ ਮਹਲਾ ੧ ॥ ਵਾਰ ਸਲੋਕਾ ਨਾਲਿ ਸਲੋਕ ਭੀ
ਮਹਲੇ ਪਹਿਲੇ ਕੇ ਲਿਖੇ ਟੁੰਡੇ ਆਸਰਾਜੈ ਕੀ ਧੁਨੀ ॥

ਸੋ ਇਸ ਵਾਰ ਵਿਚ ਖਾਸ ਕਰਕੇ ਸਲੋਕ ਵੀ ਸਾਹਿਬ ਗੁਰੂ ਨਾਨਕ ਪਾਤਸ਼ਾਹ ਦੇ ਹੀ ਦਰਜ਼ ਕੀਤੇ ਗਏ ਹਨ।

ਟੁੰਡੇ ਆਸਰਾਜੇ ਕੀ ਧੁਨੀ: ਅਸਰਾਜ ਨਾਮੀ ਟੁੰਡੇ ਰਾਜੇ ਦੀ ਵਾਰ ਜਿਸ ਧਾਰਨਾ ਤੇ ਗਾਈ ਜਾਂਦੀ ਹੈ, ਇਹ ਆਸਾ ਦੀ ਵਾਰ ਵੀ ਉਸੇ ਧਾਰਨਾ ਤੇ ਗਾਉਣੀ ਹੈ।

ਇਤਿਹਾਸਕ ਟੂਕ ਹੈ ਕਿ ਅਛਾਈ ਦੀ ਬੁਰਾਈ ਤੇ ਜਿੱਤ ਹੁੰਦੀ ਹੈ। ਪੂਰਨ ਭਗਤ ਵਾਂਗੂੰ ਹੀ ਅਸਰਾਜ ਉਤੇ ਉਸ ਦੀ ਮਤਰੇਈ ਮਾਂ ਨੇ ਦੂਸ਼ਨ ਲਾ ਕੇ ਰਾਜ ਦੇ ਵਾਰਸ ਨੂੰ ਮਰਵਾਉਣਾ ਚਾਹਿਆ ਸੀ, ਤੇ ਉਸ ਦੀ ਬਾਂਹ ਕਟ ਕੇ ਮਾਂ ਦੀ ਤਸੱਲੀ ਕਰਵਾਈ ਗਈ ਸੀ ਕਿ ਉਸ ਨੂੰ ਮਾਰ ਦਿੱਤਾ ਗਿਆ ਹੈ। ਪਿਛੋਂ ਉਹ ਟੁੰਡਾ ਅਸਰਾਜ ਹੀ ਕਿਸੇ ਹੋਰ ਥਾਂ ਦਾ ਰਾਜਾ ਬਣ ਗਿਆ ਤੇ ਅੰਤ ਉਸ ਨੇ ਆਪਣੇ ਬਾਪ ਨੂੰ ਵੀ ਦੁਸ਼ਮਣਾਂ ਤੋਂ ਬਚਾ ਲਿਆ ਸੀ। ਉਸ ਦਾ ਜਸ ਜਿਸ ਤਰ੍ਹਾਂ ਗਾਇਆ ਸੀ, ਉਸ ਦਾ ਇਕ ਨਮੂਨਾ ਪੇਸ਼ ਹੈ ਜੋ ਡਾਕਟਰ ਚਰਨ ਸਿੰਘ ਹੋਰਾਂ 1902 ਵਿਚ ਬਾਣੀ ਬਿਉਰੇ ਵਿਚ ਛਾਪਿਆ :

ਭਭਕਿਓ ਸ਼ੇਰ ਸਰਦੂਲ ਰਾਇ ਰਣ ਮਾਰੂ ਵੱਜੇ
ਖਾਨ ਸੁਲਤਾਨ ਬਡ ਸੂਰਮੇਂ ਵਿਚ ਰਣ ਦੇ ਗੱਜੇ
ਖਤ ਲਿਖੇ ਟੁੰਡੇ ਅਸਰਾਜ ਨੂੰ ਪਾਤਸ਼ਾਹੀ ਅਜੇ
ਟਿਕਾ ਸਾਰੰਗ ਬਾਪ ਨੇ ਭਰ ਦਿਤਾ ਲਜੇ
ਫਤੇ ਪਾਈ ਅਸਰਾਜ ਜੀ ਸ਼ਾਹੀ ਘਰ ਸਜੇ

ਆਸਾ ਦੀ ਵਾਰ : ਪਹਿਲੀ ਪਉੜੀ

ਸਲੋਕ ਮਹਲਾ ੧ ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ।
ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ ੧।

ਅਰਥ : (ਮੈਂ) ਆਪਣੇ ਗੁਰੂ ਤੋਂ ਕੁਰਬਾਨ ਹਾਂ (ਨਾ ਕੇਵਲ ਇਕ ਵਾਰੀ) ਸਗੋਂ ਦਿਨ ਵਿਚ ਸੌ ਸੌ ਵਾਰੀ ; ਜਿਸ (ਗੁਰੂ) ਨੇ ਮਨੁੱਖਾਂ ਤੋਂ ਦੇਵਤੇ ਬਣਾ ਦਿੱਤੇ ਤੇ ਬਣਾਉਂਦਿਆਂ ਚਿਰ ਵੀ ਨਾ ਲੱਗਾ।੧। ਭਾਵ ਬਿਰਤੀ ਹੀ ਬਦਲ ਗਈ)

ਸਲੋਕ ਮਹਲਾ ੨

ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ।
ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥੨॥

ਅਰਥ : ਜੇ ਸੌ ਚੰਦ ਚੜ੍ਹ ਪੈਣ ਤੇ ਹਜ਼ਾਰ ਸੂਰਜ ਉਦੈ ਹੋ ਪੈਣ, ਏਡੇ (ਤ੍ਰਿਖੇ ਤੇ ਬਹੁਤੇ) ਚਾਨਣਾਂ ਦੇ ਹੁੰਦਿਆਂ ਵੀ ਗੁਰੂ ਤੋਂ ਬਿਨ੍ਹਾਂ ਘੋਰ ਹਨੇਰਾ ਰਹਿੰਦਾ ਹੈ। (ਆਤਮਕ ਹਨੇਰਾ ਗੁਰੂ ਦੀ ਮਿਹਰ ਸਦਕਾ ਹੀ ਦੂਰ ਹੁੰਦਾ ਹੈ)

ਸਲੋਕ ਮਹਲਾ ੧

ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ।
ਛੁਟੇ ਤਿਲ ਬੁਆੜ ਜਿਉ ਸੁੰਞੇ ਅੰਦਰਿ ਖੇਤ।
ਖੇਤੈ ਅੰਦਰਿ ਛੁਟਿਆ ਕਹੁ ਨਾਨਕ ਸਉ ਨਾਹ।
ਫਲੀਅਹਿ ਫੁਲੀਅਹਿ ਬਪੁੜੇ ਭੀ ਤਨ ਵਿਚਿ ਸੁਆਹ।੩

ਅਰਥ : ਹੇ ਨਾਨਕ ਗੁਰੂ ਨੂੰ ਯਾਦ ਕਰਨ ਬਿਨ੍ਹਾਂ (ਗੁਰਬਾਣੀ ਵੀਚਾਰ ਤੋਂ ਸਖਣੇ) ਜੋ ਆਪਣੀ ਮਨਮਤਿ ਨਾਲ ਸਿਆਣੇ (ਸੁਚੇਤ) ਹਨ, ਉਹਨਾਂ ਦਾ ਹਾਲ ਇੰਜ ਹੈ ਮਿਸਾਲ ਵਜੋਂ (ਖੇਤ ਸਾਂਭ ਲੈਣ ਸਮੇਂ) ਜਿਵੇਂ ਬੁਆੜ ਤਿਲ ਦੇ ਬੂਟੇ ਖਾਲੀ ਹੋਏ ਖੇਤ ਵਿਚ ਛੱਡ ਦਿੱਤੇ ਜਾਂਦੇ ਹਨ, ਤਿਵੇਂ ਉਹ ਸਾਈਂ ਦੀ ਸੰਭਾਲ ਵੇਲੇ ਛੱਡ ਦਿੱਤੇ ਜਾਣਗੇ ਤੇ ਉਹ ਜੀਵਨ ਵਿਚ ਤਿਲ ਦੇ ਬੂਟੇ ਵਾਂਗ ਸਵਾਹ ਹੀ ਇਕੱਠੀ ਕਰਦੇ ਹਨ ।੩।

ਪਉੜੀ ੧

ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ ।
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ।
ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ ।
ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ ।
ਕਰਿ ਆਸਣੁ ਡਿਠੋ ਚਾਉ ।੧।

ਅਰਥ : ਆਪ ਹੀ ਨਿਰਗੁਣ ਨਿਰਾਕਾਰ ਪਰਮਾਤਮਾ ਨੇ ਆਪ ਨੂੰ ਸਰਗੁਣ ਰੂਪ ਵਿਚ ਉਪਾਇਆ ਹੈ ਤੇ ਆਪ ਹੀ । (ਉਸ ਨੇ) ਨਾਮ ਰਚਿਆ (ਨਾਮ ਤੇ ਨਾਮੀ ਦੇ ਨਾਲ) ਦੂਜੀ ਕਾਦਰ ਨੇ ਕੁਦਰਤ ਰਚੀ, (ਇਹ ਆਪਣੇ ਤੋਂ ਭਿੰਨ ਰਚੀ) ਪਰ ਇਸ ਵਿਚ ਹੀ ਆਸਣ ਲਾ ਕੇ ਬਹਿ ਗਿਆ (ਤੇ ਇਉਂ ਇਸ ਤੋਂ ਭਿੰਨ ਅਭਿੰਨ ਹੋ ਕੇ ਇਸ ਨੂੰ) ਦੇਖਣ ਤੇ ਖੁਸ਼ ਹੋਣ ਲੱਗਾ (ਹੇ ਨਿਰਗੁਣ ਤੇ ਸਰਗੁਣ ਰੂਪ ਮਾਲਕ ) ਤੂੰ ਰਚਨਾ ਰਚਣ ਤੋਂ ਪਹਿਲਾਂ ਸਭ ਕੁਝ ਦਾ ਆਪਣੇ ਆਪ ਤੋਂ ਦਾਤਾ ਹੈਂ ਤੇ ਆਪ ਹੀ ਆਪਣੀ ਦਾਤ ਤੋਂ ਇਸ ਨੂੰ ਰਚ ਕੇ ਇਸ ਦਾ ਕਰਤਾ ਹੈਂ ਤੇ ਆਪ ਹੀ ਤਰੁੱਠ ਕੇ ਇਸ ਨੂੰ ਹਰ ਲੋੜੀਂਦਾ ਸਮਾਨ ਦੇ ਰਿਹਾ ਹੈਂ ।

ਭਾਵ : ਗੁਰੂ ਭੀ ਤੂੰ ਹੈਂ ਮਿਹਰ (ਪ੍ਰਸਾਦਿ) ਕਰਕੇ ਭੈਜਲ ਤੋਂ ਤਾਰਣ-ਹਾਰ ਭੀ ਤੂੰ ਹੈਂ । ਸਰਬ ਸ਼ਕਤੀਮਾਨ ਤੇ ਸਰਬਗਿਆਤਾ ਹੋਣ ਕਰਕੇ ਸਭ ਕਿਸੇ ਦਾ ਜਾਣਨਹਾਰ ਹੈ । ਜਿੰਦ ਦੇਣ ਵਾਲਾ ਤੇ ਫਿਰ ਵਾਪਸ ਲੈਣ ਵਾਲਾ ਭੀ ਵਾਹਿਗੁਰੂ ਤੂੰ ਆਪ ਹੀ ਹੈਂ ਹੋਰ ਕੋਈ ਨਹੀਂ ਹੈਂ । ਇਹ ਸਭ ਕੁਝ ਕਰਦੇ ਹੋਇਆਂ ਤੂੰ ਨਿਰਾਲਮ ਬੈਠਾ ਹੈਂ (ਬੈਠਾ ਵੇਖੈ ਵਖਿ ਇਕੇਲਾ । ਤਿਲੰਗ ਮਹਲਾ ੧ ।

ਮਿਸਾਲ ਵਜੋਂ ਕਾਰੀਗਰ ਆਰਟਿਸਟ ਜਾਂ ਬੰਦੇ ਦੀ ਬਣਾਈ ਚੀਜ਼ ਵਿਚ ਉਹ ਆਪ ਮੂਰਤੀਮਾਨ ਹੋ ਕੇ ਨਹੀਂ ਰਹਿ ਸਕਦਾ ਜਿਵੇਂ ਭਾਂਡਾ ਠਠਿਆਰ ਨੇ ਬਣਾਇਆ ਤਸਵੀਰ ਮਸਵਾਰ ਨੇ ਬਣਾਈ-ਆਪ ਵੱਖ ਰਹਿ ਗਿਆ । ਪਰ ਕਾਦਰ ਦੀ ਕੁਦਰਤ ਵਿਚ ਉਹ ਆਪ ਬੈਠਾ ਹੈ ਤੇ ਨਿੱਕੀ ਤੋਂ ਨਿੱਕੀ ਜ਼ਿੰਦਗੀ ਵਿਚ ਤੇ ਵੱਡੇ ਤੋਂ ਜਾਨਦਾਰ ਵਿਚ ਸ਼ਕਤੀ ਰੂਪ (ਆਤਮਾ) ਧਾਰ ਬੈਠਾ ।

ਨੀਕੀ ਕੀੜੀ ਮਹਿ ਕਲ ਰਾਖੈ ।
ਭਸਮ ਕਰੈ ਲਸਕਰਿ ਕੋਟਿ ਲਾਖੈ

— 0 —

# ਇਕ ਨਿਵੇਕਲੀ ਕੈਸਟ "ਦਰਦ ਕੌਣ ਦਰਵੇਸ਼"

ਪੰਜਾਬੀ ਕਵਿਤਾ ਦੇ ਅਮੀਰ ਵਿਰਸੇ ਵਿਚ ਗੁਰਬਾਣੀ ਅਤੇ ਸੂਫੀ ਕਾਵਿ ਪ੍ਰਮੁੱਖ ਹੈ। ਅੱਜ ਗੁਰਬਾਣੀ ਗਾਉਣ ਵਾਲਿਆਂ ਦਾ ਹੜ੍ਹ ਜਿਹਾ ਆ ਗਿਆ ਹੈ, ਜਦਕਿ ਵਧੀਆ ਰਾਗੀਆਂ ਦੀ ਗਿਣਤੀ ਹਾਲੇ ਵੀ ਬਹੁਤ ਘੱਟ ਹੈ। ਪਰ ਸੂਫੀ ਕਵਿਤਾ ਵੱਲ ਸਾਡੇ ਗਾਇਕਾਂ ਨੇ ਬਹੁਤਾ ਧਿਆਨ ਨਹੀਂ ਦਿੱਤਾ।

ਪੱਛਮੀ ਪੰਜਾਬ (ਪਾਕਿਸਤਾਨ) ਵਿਚ ਸੂਫੀ ਕਾਵਿ ਗਾਇਨ ਦੀ ਨਿੱਗਰ ਪਰੰਪਰਾ ਹੈ। ਉੱਥੇ ਅਦਾਰਾ 'ਲੋਕ ਵਿਰਸਾ' ਵੱਲੋਂ ਇਸ ਖੇਤਰ ਵਿਚ ਸਲਾਹੁਣਯੋਗ ਕੰਮ ਕੀਤਾ ਗਿਆ ਹੈ। ਲੋਕ ਸੰਗੀਤ ਸੰਭਾਲਣ ਤੋਂ ਇਲਾਵਾ ਇਸ ਅਦਾਰੇ ਨੇ ਪਠਾਣਾ ਖਾਨ, ਹੁਸੈਨ ਬਖਸ਼, ਮੁਹੰਮਦ ਇਕਬਾਲ ਬਾਹੂ ਅਤੇ ਸਲਾਮਤ ਅਲੀ ਵਰਗੇ ਉੱਚ ਕੋਟੀ ਦੇ ਗਾਇਕਾਂ ਤੋਂ ਕਾਫੀਆਂ ਅਤੇ ਬੈਂਤਾਂ ਗਵਾ ਕੇ ਕੈਸਟਾਂ ਜਾਰੀ ਕੀਤੀਆਂ ਹਨ। ਉਹਨ੍ਹਾਂ ਵੱਲੋਂ ਬਣਾਈਆਂ ਗਈਆਂ ਕੈਸਟਾਂ ਦੀ ਗਿਣਤੀ 500 ਤੋਂ ਵੱਧ ਹੈ। ਇਸ ਤੋਂ ਇਲਾਵਾ ਮੀਆਂ-ਦਾਦ ਕੱਵਾਲ, ਰੇਸ਼ਮਾਂ ਅਤੇ ਨੁਸਰਤ ਫਤੇਹ ਅਲੀ ਖਾਨ ਨੇ ਵੀ ਬਹੁਤ ਹੀ ਵਧੀਆ ਕਾਫੀਆਂ ਗਾਈਆਂ ਹਨ। ਪਰ ਅਫ਼ਸੋਸ ਕਿ ਇਹ ਬਿਹਤਰੀਨ ਕੈਸਟਾਂ ਸਾਨੂੰ ਸਾਡੇ ਮੁਲਕ ਵਿਚ ਨਹੀਂ ਮਿਲਦੀਆਂ।

ਸਾਡੇ ਪੰਜਾਬ ਵਿਚ ਕਦੇ ਕਦਾਈਂ ਕੋਈ ਗਾਇਕ ਇੱਕ ਅੱਧੀ ਸੂਫੀ ਰਚਨਾ ਗਾਉਂਦਾ ਹੈ। ਇਹ ਹਰੇਕ ਦੇ ਵੱਸ ਦਾ ਰੋਗ ਹੈ ਵੀ ਨਹੀਂ, ਕਿਉਂਕਿ ਇਸ ਲਈ ਆਵਾਜ਼ ਵਿਚ ਵਿਸ਼ੇਸ਼ ਗੰਭੀਰਤਾ ਅਤੇ ਗਹਿਰਾਈ ਦੀ ਲੋੜ ਹੈ। ਇਸੇ ਕਾਰਨ 'ਪੰਜਾਬ ਦੇ 'ਨੌ ਰਤਨਾ' ਰਿਕਾਰਡ ਵਿਚ ਆਸਾ ਸਿੰਘ ਮਸਤਾਨਾ ਅਤੇ ਸੁਰਿੰਦਰ ਕੌਰ ਵਰਗੇ ਗਾਇਕ ਵੀ ਸੂਫੀ ਕਲਾਮ ਪ੍ਰਭਾਵਸ਼ਾਲੀ ਢੰਗ ਨਾਲ ਗਾਉਣ ਵਿਚ ਬਿਲਕੁਲ ਅਸਫ਼ਲ ਰਹੇ। ਇਕ ਸਫਲ ਯਤਨ ਘਨਸ਼ਿਆਮ ਦਾਸ ਵੱਲੋਂ ਕੀਤਾ ਗਿਆ ਸੀ। ਉਸ ਨੇ 'ਕਾਫੀਆਂ' ਨਾਂ ਦੇ ਰਿਕਾਰਡ ਵਿਚ ਗੁਲਾਮ ਫ਼ਰੀਦ, ਸ਼ਾਹ ਹੁਸੈਨ ਅਤੇ ਬੁੱਲੇਸ਼ਾਹ ਦੀਆਂ ਛੇ ਰਚਨਾਂਵਾਂ ਨੂੰ ਟੁੰਬਵੇ ਅੰਦਾਜ਼ ਵਿਚ ਗਾਇਆ। ਫੇਰ ਬਹੁਤ ਸਮਾਂ ਕਿਸੇ ਨੇ ਯਤਨ ਨਾ ਕੀਤਾ। ਹੁਣ ਉੱਤਰੀ ਖੇਤਰੀ ਸੱਭਿਆਚਾਰਕ ਕੇਂਦਰ ਨੇ ਸੂਫ਼ੀ ਕਲਾਮ ਦੀ ਪਹਿਲੀ ਕੈਸਟ-'ਦਰਦ ਕੌਣ ਦਰਵੇਸ਼' ਜਾਰੀ ਕਰਕੇ ਇੱਕ ਸ਼ਲਾਘਾਯੋਗ ਕਦਮ ਪੁੱਟਿਆ ਹੈ ਜਿਸ ਦੀ ਪ੍ਰਸ਼ੰਸਾ ਕਰਨੀ ਬਨਦੀ ਹੈ।

ਐਚ. ਐਮ. ਵੀ. ਵੱਲੋਂ ਤਿਆਰ ਕੀਤੀ ਗਈ ਇਸ ਕੈਸਟ ਲਈ ਸੰਗੀਤ ਮੁਲਕ ਦੇ ਬਿਹਤਰੀਨ ਸੰਗੀਤਕਾਰ ਖਿਆਮ ਨੇ ਦਿੱਤਾ ਹੈ। ਕੈਸਟ ਸੰਗੀਤ ਪ੍ਰੇਮੀਆਂ ਲਈ ਇੱਕ ਤੋਹਫ਼ਾ ਹੈ।

ਸਾਈਡ 'ਏ' ਭੁਪਿੰਦਰ ਸਿੰਘ ਦੀ ਆਵਾਜ਼ ਵਿਚ ਸ਼ੇਖ ਫ਼ਰੀਦ ਦੇ ਦੋਹੜਿਆਂ ਤੋਂ ਸ਼ੁਰੂ ਹੁੰਦੀ ਹੈ। ਉਸ ਤੋਂ ਬਾਅਦ ਹਨ-ਕਾਫੀਆਂ : 'ਦਰਦ ਵਿਛੋੜੇ ਦਾ ਹਾਲ' (ਸ਼ਾਹ

ਹੁਸੈਨ) ਜਗਜੀਤ ਕੌਰ ਦੀ ਆਵਾਜ਼ ਵਿਚ, 'ਉੱਠ ਗਏ ਗੁਆਂਢੋਂ ਯਾਰ' (ਬੁੱਲ੍ਹੇਸ਼ਾਹ) ਪੂਰਨ ਸ਼ਾਹ ਕੋਟੀ ਦੀ ਆਵਾਜ਼ ਵਿਚ ਅਤੇ ਬੈਂਤ ਸੁਲਤਾਨ ਬਾਹੂ, ਹੰਸ ਰਾਜ ਹੰਸ ਦੀ ਆਵਾਜ਼ ਵਿਚ।

ਸਾਈਡ 'ਬੀ' ਦੀ ਪਹਿਲੀ ਕਾਫ਼ੀ-'ਘੁੰਗਟ ਚੁੱਕ ਓ ਸੱਜਣਾਂ (ਬੁੱਲ੍ਹੇਸ਼ਾਹ) ਪੂਰਨ ਚੰਦ ਵਡਾਲੀ ਅਤੇ ਪਿਆਰਾ ਚੰਦ ਵਡਾਲੀ ਨੇ ਗਾਈ ਹੈ। ਉਸ ਤੋਂ ਬਾਅਦ ਕਾਫੀਆਂ ਹਨ : 'ਉਲਟੇ ਹੋਰ ਜ਼ਮਾਨੇ ਆਏ' (ਬੁੱਲ੍ਹੇਸ਼ਾਹ) ਹੰਸ ਰਾਜ ਹੰਸ ਦੀ ਆਵਾਜ਼ ਵਿਚ, ਸਈਓ ਨੀਂ ਅਸੀਂ ਨੈਣਾਂ ਦੇ (ਸ਼ਾਹ ਹੁਸੈਨ) ਪੂਰਨ ਸ਼ਾਹ ਕੋਟੀ ਦੀ ਆਵਾਜ਼ ਵਿਚ ਅਤੇ 'ਆ ਵੱਸ ਸਾਡੜੇ ਕੋਲ' (ਗੁਲਾਮ ਫ਼ਰੀਦ) ਸੁਰਿੰਦਰ ਕੌਰ ਦੀ ਆਵਾਜ਼ ਵਿਚ।

ਸਾਰੇ ਗਾਇਕਾਂ ਨੇ ਆਪਣਾ ਪੂਰਾ ਤਾਣ ਲਾਇਆ ਹੈ, ਪਰ ਸਭ ਤੋਂ ਵੱਧ ਪ੍ਰਭਾਵਿਤ ਕਰਦਾ ਹੈ ਹੰਸ ਰਾਜ ਹੰਸ, ਜਿਸ ਨੇ ਦੋਹੇ ਕਾਫ਼ੀਆਂ ਵਿਚ ਜਾਨ ਪਾ ਦਿੱਤੀ ਹੈ। ਪੂਰਨ ਚੰਦ ਵਡਾਲੀ ਅਤੇ ਪਿਆਰਾ ਚੰਦ ਵਡਾਲੀ ਦਾ ਆਪਣਾ ਕੱਵਾਲੀ ਵਾਲਾ ਵੱਖਰਾ ਹੀ ਅੰਦਾਜ਼ ਹੈ। ਪੂਰਨ ਸ਼ਾਹ ਕੋਟੀ ਨੇ ਬੁੱਲ੍ਹੇਸ਼ਾਹ ਦੀ ਰਚਨਾ ਨਾਲ ਪੂਰਾ ਇਨਸਾਫ਼ ਕੀਤਾ ਹੈ। ਇਹ ਕਾਫ਼ੀ ਪਹਿਲਾਂ ਰੇਸ਼ਮਾਂ ਨੇ ਵੀ ਗਾਈ ਹੈ ਜੋ ਕਿ ਬਹੁਤ ਮਸ਼ਹੂਰ ਹੈ। ਅਜਿਹੀ ਹਾਲਤ ਵਿਚ ਪੂਰਨ ਸ਼ਾਹ ਕੋਟੀ ਦਾ ਕੰਮ ਹੋਰ ਵੀ ਔਖਾ ਸੀ ਪਰ ਉਹ ਆਪਣੀ ਵੱਖਰੀ ਛਾਪ ਲਾਉਣ ਵਿਚ ਸਫ਼ਲ ਰਿਹਾ ਹੈ।

ਰਿਕਾਰਡਿੰਗ ਦੀ ਕਵਾਲਟੀ ਬਿਹਤਰੀਨ ਹੈ ਅਤੇ ਕੈਸਟ ਦਾ ਮੁੱਲ (20 ਰੁਪੇ) ਬਿਲਕੁਲ ਵਾਜ਼ਬ। ਆਸ ਹੈ ਭਵਿੱਖ ਵਿਚ ਵੀ ਉੱਤਰੀ ਖੇਤਰੀ ਸਭਿਆਚਾਰਕ ਕੇਂਦਰ ਅਜਿਹੇ ਯਤਨ ਜਾਰੀ ਰੱਖੇਗਾ।

ਪ੍ਰੋਫੈਸਰ ਸੁਭਾਸ਼ ਪਰਿਹਾਰ
ਪੋ. ਆ. ਬਾਕਸ 48,
ਕੋਟਕਪੂਰਾ-151204